ਜਨਵਰੀ 1988
ਮੁੱਲ-ਦੋ ਰੁਪਏ
92

## ਸੰਪਾਦਕੀ : 1988 ਦਾ ਸਾਲ ਭਾਰਤ ਦੀ ਖੱਬੀ ਧਿਰ ਲਈ ਚਣੌਤੀਆਂ ਦਾ ਸਾਲ ਹੋਵੇਗਾ

1988 ਦਾ ਸਾਲ ਭਾਰਤ ਦੀ ਸਿਆਸਤ ਵਾਸਤੇ ਇਕ ਬੜੀ ਮਹੱਤਤਾ ਵਾਲਾ ਸਾਲ ਹੋਵੇਗਾ। 1987 ਸੰਕਟ ਦਾ ਸਾਲ ਰਿਹਾ ਹੈ। ਭਾਰਤ ਦਾ ਸਾਰਾ ਨਿਜ਼ਾਮ ਤਹਿਸ਼ ਨਹਿਸ਼ ਹੋ ਰਿਹਾ ਹੈ। ਸਰਕਾਰ ਬਸ ਚਲ ਹੀ ਰਹੀ ਹੈ ਕਿਉਂਕਿ ਉਹਦੇ ਕੋਲ ਪੁਲਸ ਅਤੇ ਫ਼ੌਜ ਨਾਂ ਦੀਆਂ ਸੰਸਥਾਵਾਂ ਹਨ। ਬਾਕੀ ਹੁਣ ਕੋਈ ਗੱਲ ਨਹੀਂ ਰਹੀ। ਰਾਜੀਵ ਕੋਲ ਪਾਰਲੀਮੈਂਟ ਵਿਚ ਇਕ ਬਹੁਤ ਵੱਡੀ ਬਹੁ ਗਿਣਤੀ ਹੈ ਪਰ ਇਹ ਵੱਡੀ ਬਹੁ ਗਿਣਤੀ ਹੁਣ ਕੋਈ ਤਾਕਤ ਨਹੀਂ ਰਹੀ। ਇਹ ਇਕ ਭੀੜ ਹੀ ਹੈ, ਜਾਂ ਇਹ ਕਹਿ ਲਵੋ ਇਹ ਇਕ ਇੱਜੜ ਹੈ, ਜੋ ਇਕੱਠਾ ਇਸ ਲਈ ਹੈ ਕਿ ਰਾਜ ਸੱਤਾ ਰਾਜੀਵ ਕੋਲ ਹੈ। ਜ਼ਰਾ ਜਿੰਨੀਂ ਵੀ ਉਹਦੀ ਕੁਰਸੀ ਹਿੱਲੀ, ਇਹ ਇੱਜੜ ਤਿੱਤਰ ਬਿੱਤਰ ਹੋ ਜਾਏਗਾ। ਕਾਂਗਰਸ ਨਾਂ ਦੀ ਪਾਰਟੀ ਕੋਲ ਹੁਣ ਕੋਈ ਸਿਧਾਂਤ ਨਹੀਂ ਤੇ ਨਾਂ ਹੀ ਕੋਈ ਡਿਸਪਲਨ ਹੈ। ਇਸਦੇ ਵੱਖ ਵੱਖ ਜਨਰਲ ਸਕੱਤਰ ਵੱਖ ਵੱਖ ਬੋਲੀਆਂ ਬੋਲਦੇ ਹਨ। ਖੁਦ ਰਾਜੀਵ ਵੀ ਇਕ ਥਾਂ ਇਕ ਗੱਲ ਆਖਦਾ ਹੈ ਤੇ ਦੂਜੀ ਥਾਂ ਪਹਿਲੀ ਥਾਂ ਤੇ ਕਹੀ ਗੱਲ ਦਾ ਬਿਲਕੁਲ ਉਲਟ ਬੋਲਦਾ ਹੈ। ਦੇਸ਼ ਦੀ ਹਰ ਨੁੱਕਰ ਵਿਚ ਅਸ਼ਾਂਤੀ ਹੈ। ਇਹ ਸਮਾਂ ਹੈ ਕਿ ਜਦੋਂ ਖੱਬੀ ਧਿਰ ਨੇ ਅਸਰਦਾਇਕ ਤਰੀਕੇ ਨਾਲ ਦੇਸ਼ ਦੇ ਮਾਮਲਿਆਂ ਵਿਚ ਦਖਲ ਅੰਦਾਜ਼ੀ ਕਰਨੀ ਹੈ ਤੇ ਇਹ ਦਖਲ ਅੰਦਾਜ਼ੀ ਵਿਸ਼ਵਾਸ ਨਾਲ ਕਰਨੀ ਹੈ। ਇਸ ਸੰਕਟ ਵਿਚ ਜੇਕਰ ਭਵਿੱਖ ਲਈ ਕੋਈ ਪਲਾਨ ਹੈ ਤਾਂ ਉਹ ਖੱਬੀ ਧਿਰ ਕੋਲ ਹੀ ਹੈ, ਜਿਸਦਾ ਨਿਸ਼ਾਨਾ ਇਕ ਸਮਾਜਕ ਨਿਆਂ ਵਾਲਾ ਸਮਾਜ ਬਨਾਉਣਾ ਹੈ।

ਖੱਬੀ ਧਿਰ ਦੀ ਜਦੋਂ ਗੱਲ ਆਂਦੀ ਹੈ ਤਾਂ ਸਪੱਸ਼ਟ ਹੈ ਕਿ ਇਸ ਵਿਚ ਸੀ. ਪੀ. ਆਈ, ਮਾਰਕਸੀ ਪਾਰਟੀ ਅਤੇ ਕਮਿਊਨਿਸਟ ਇਨਕਲਾਬੀਆਂ ਦੇ ਵੱਖ ਵੱਖ ਗਰੁੱਪ ਆਂਦੇ ਹਨ। ਬੰਗਾਲ ਵਿਚ ਫਾਰਵਰਡ ਬਲਾਕ ਅਤੇ ਰੈਵੂਲਸ਼ਨਰੀ ਸੋਸ਼ਲਿਸਟ ਪਾਰਟੀਆਂ ਵੀ ਇਸੇ ਧਿਰ ਵਿਚ ਗਿਣੀਆਂ ਜਾਂਦੀਆਂ ਹਨ। ਖੱਬੀ ਧਿਰ ਦੇ ਆਪਸੀ ਗੰਭੀਰ ਵਖਰੇਂਵੇ ਹਨ ਅਤੇ ਬਹੁਤ ਸਾਰੇ ਬੁਨਿਆਦੀ ਸਵਾਲ ਉਹਨਾਂ ਦੇ ਆਪਸ ਵਿਚ ਹਲ ਕਰਨ ਵਾਲੇ ਹਨ ਪਰ ਖੱਬੀ ਸਿਆਸਤ ਦਾ ਜੇਕਰ ਪਿਛਲੇ ਸੌ ਸਾਲਾਂ ਦਾ ਸੰਸਾਰ ਇਤਹਾਸ ਲਿਆ ਜਾਏ ਤਾਂ ਵਾਦ ਵਿਵਾਦ ਹਮੇਸ਼ਾਂ ਹੀ ਬੜਾ ਤਿੱਖਾ ਰਿਹਾ ਹੈ ਪਰ ਫੇਰ ਵੀ ਰੂਸ ਦਾ ਇਨਕਲਾਬ ਸਫਲ ਹੋਇਆ, ਚੀਨ ਵਿਚ ਇਨਕਲਾਬ ਲਿਆਂਦਾ ਗਿਆ। ਵੀਅਤਨਾਮ, ਕਿਊਬਾ ਯੋਰਪ ਦੇ ਬਹੁਤ ਸਾਰੇ ਦੇਸ਼ਾਂ ਵਿਚ ਅਤੇ ਉਤਰੀ ਕੋਰੀਯਾ ਵਿਚ ਕਮਿਊਨਿਸਟ ਸਰਕਾਰਾਂ ਬਣੀਆਂ। ਇਹਨਾਂ ਦੇਸ਼ਾਂ ਵਿਚ ਕਮਿਊਨਿਸਟ ਅਦਰਸ਼ਾਂ ਵਾਲੇ ਸਮਾਜ ਬਣ ਸਕੇ ਹਨ ਜਾਂ ਹਾਲੀ ਤਕ ਨਹੀਂ ਬਣ ਸਕੇ ਤੇ ਕਿਉਂ ਨਹੀਂ ਬਣ ਸਕੇ, ਇਹ ਵੀ ਵਾਦ ਵਿਵਾਦ ਦੇ ਮੁੱਦੇ ਹਨ ਪਰ ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਸਮਾਜਕ ਨਿਆਂ ਦੀਆਂ ਨੀਹਾਂ ਇਹਨਾਂ ਸਮਾਜਾਂ ਵਿਚ ਰੱਖੀਆਂ ਜਾ ਚੁੱਕੀਆਂ ਹਨ। ਭਾਰਤ ਵਿਚ ਖੱਬੀ ਧਿਰ ਨੇ ਵੱਖਰੇਵਿਆਂ ਦੇ ਹੁੰਦਿਆਂ ਵੀ ਅਤੇ ਤਿੱਖਾ ਵਾਦ ਵਿਵਾਦ ਹੁੰਦਿਆਂ ਵੀ ਅੱਗੇ ਵੱਧਣਾ ਹੈ। ਇਹ ਤਾਂ ਹੀ ਮੁਮਕਿਨ ਹੋ ਸਕਦਾ ਹੈ ਕਿ ਵਖਰੇਵੇਂ ਹੁੰਦਿਆਂ ਵੀ ਵਾਦ ਵਿਵਾਦ ਇਸ ਨੁੱਕਤੇ ਤੇ ਕੇਂਦਰਤ ਰਹੇ ਕਿ ਅਸੀਂ ਆਪਣੇ ਦੱਬੇ ਕੁੱਚਲੇ ਲੋਕਾਂ ਦੀ ਮੁੱਕਤੀ ਕਿਸ ਤਰ੍ਹਾਂ ਕਰਨੀ ਹੈ। ਆਪਣੇ ਲੋਕਾਂ ਵਲ ਸਾਡੀ ਇਹ ਵਚਣ ਬੱਧੀ ਸਾਨੂੰ ਬਹੁਤ ਸਾਰੀਆਂ ਸਾਂਝੀਆਂ ਕਾਰਵਾਈਆਂ ਵਿਚ

**ਇਸ ਅੰਕ ਵਿਚ**—ਸੰਪਾਦਕੀ ਅਤੇ ਸੰਪਾਦਕੀ ਟਿੱਪਣੀਆਂ, O ਪੰਜਾਬ ਅੰਦਰ ਸਿੱਖ ਅਤਿਵਾਦੀ ਲਹਿਰ ਪ੍ਰਤੀ, ਕਮਿਊਨਿਸਟਾਂ ਦਾ ਦਰੁਸਤ ਨਜ਼ਰੀਆ ਕੀ ਹੋਵੇ ? -ਪ੍ਰੋ: ਰਨਧੀਰ ਸਿੰਘ, ਪਾਠਕ ਲੇਖਕ ਫੋਰਮ : ਅਸੀਂ ਕਿਧਰ ਜਾ ਰਹੇ ਹਾਂ, ਗੋਲਮੇਜ਼ ਹੀ ਇਕੋ ਹੱਲ ਨਹੀਂ-ਕਰਮ ਬਰਸਟ, ਨਵੀਂ ਪਿਰਤ-ਹਰੀਸ਼ ਮਲਹੋਤਰਾ ਬ੍ਰਮਿੰਘਮ, O ਔਰਤ ਧਰਮ ਦੇ ਪਰਛਾਵੇਂ ਹੇਠ-ਪ੍ਰੀਤ ਫਰੀਦਕੋਟੀ O ਮਿੱਤਰ ਸੈਨ ਮੀਤ ਦਾ ਕਥਾ-ਸੰਸਾਰ.

ਇਕੱਠੀ ਕਰੇਗੀ। ਦਿੱਲੀ ਵਿਚ ਜੋ 9 ਦਸੰਬਰ ਲਾਲ ਵਿਖਾਵਾ ਕੀਤਾ ਗਿਆ ਹੈ, ਉਹ ਖੱਬੀ ਧਿਰ ਦੀ ਪ੍ਰਾਪਤੀ ਹੈ। ਕਮਿਊਨਿਸਟ ਇਨਕਲਾਬੀਆਂ ਲਈ ਉਹ ਪ੍ਰਾਪਤੀ ਕੋਈ ਤਸੱਲੀ ਵਾਲੀ ਗੱਲ ਨਹੀਂ ਹੋ ਸਕਦੀ, ਕਿਉਂਕਿ ਉਹ ਇਸ ਤੋਂ ਬਹੁਤ ਅੱਗੇ ਜਾਣਾ ਚਾਹੁੰਣਗੇ। ਉਹਨਾਂ ਨੂੰ ਜਾਣਾ ਚਾਹੀਦਾ ਹੈ ਪਰ ਇਹ ਜ਼ਰੂਰੀ ਨਹੀਂ ਕਿ ਉਹ ਅੱਗੇ ਜਾਣ ਲਈ ਇਸ ਪ੍ਰਾਪਤੀ ਤੋਂ ਮੂੰਹ ਮੋੜਣ। ਉਹ ਇਸਨੂੰ ਅਪਣਾ ਕੇ ਵੀ ਅੱਗੇ ਜਾ ਸਕਦੇ ਹਨ। ਇੰਝ ਕਰਨ ਨਾਲ ਲੱਖਾ ਸੁਹਿਰਦ ਲੋਕਾਂ ਦੀਆਂ ਸ਼ੁਭ ਇਛਾਵਾਂ ਉਹਨਾਂ ਨਾਲ ਹੋਣਗੀਆਂ।

ਇਕ ਬਦਲ ਦੇ ਤੌਰ ਤੇ ਖੱਬੀ ਧਿਰ ਭਾਰਤ ਦੀ ਸਿਆਸੀ ਪਿੜ ਵਿਚ ਆ ਚੁੱਕੀ ਹੈ। ਇਸ ਧਿਰ ਦੇ ਕੰਮਾਂ ਵਿਚ ਜਿਥੇ ਮੌਜੂਦਾ ਨਿਜ਼ਾਮ ਦਾ ਖੰਡਣ ਕਰਨਾ ਹੈ, ਉਥੇ ਭਾਰਤ ਦੇ ਲੋਕਾਂ ਨੂੰ ਫਿਰਕੂ ਅਤੇ ਇਲਾਕਾਈ ਸ਼ਾਵਨਵਾਦੀ ਸਿਆਸਤਾਂ ਤੋਂ ਵੀ ਬਚਾਉਣਾ ਹੈ, ਇਹ ਬੜਾ ਜ਼ਰੂਰੀ ਹੈ। ਇਹ ਦੋਨੋਂ ਸਿਆਸਤਾਂ ਮੂਲ ਰੂਪ ਵਿਚ ਇਸੇ ਨਿਜ਼ਾਮ ਦੀ ਉਪਜ ਹਨ ਤੇ ਇਹਦੀ ਸੇਵਾ ਹੀ ਕਰਦੀਆਂ ਹਨ। ਇਹ ਵਿਸ਼ਾਲ ਲੋਕਾਂ ਦੀ ਏਕਤਾ ਵਿਚ ਫਰਕ ਪਾਂਦੀਆਂ ਹਨ। ਪੰਜਾਬ ਦਾ ਮਸਲਾ ਹੋਵੇ, ਗੋਰਖਿਆਂ ਦਾ ਮਸਲਾ ਹੋਵੇ, ਤਾਮਿਲਾਂ ਦਾ ਮਸਲਾ ਹੋਵੇ, ਝਾੜਖੰਡ ਦਾ ਮਸਲਾ ਹੋਵੇ, ਇਹ ਦੇਖਿਆ ਗਿਆ ਹੈ ਕਿ ਇਹਨਾਂ ਨੂੰ ਖੜੇ ਕਰਨ ਅਤੇ ਸ਼ਹਿ ਦੇਣ ਵਿਚ ਕਾਂਗਰਸ ਦੀ ਕੇਂਦਰੀ ਸਰਕਾਰ ਦਾ ਵੱਡਾ ਹੱਥ ਰਿਹਾ ਹੈ ਅਤੇ ਇਹਨਾਂ ਨੂੰ ਲਟਕਾਈ ਰਖਣਾ ਵੀ ਇਸੇ ਸਰਕਾਰ ਦੀਆਂ ਨੀਤੀਆਂ ਵਿਚੋਂ ਵੱਡੀ ਨੀਤੀ ਹੈ। ਇਹਦੇ ਨਾਲ ਇਹ ਲੋਕਾਂ ਨੂੰ ਉਲਝਾਈ ਰੱਖਣਾ ਚਾਹੁੰਦੀ ਹੈ ਤੇ ਆਪਣੀ ਉਮਰ ਲੰਮੇਰੀ ਕਰਨਾ ਚਾਹੁੰਦੀ ਹੈ। ਖੱਬੀ ਧਿਰ ਦਾ ਫਰਜ਼ ਹੈ ਕਿ ਜਿਥੇ ਉਹ ਘੱਟ ਗਿਣਤੀ ਦੇ ਧਰਮਾਂ ਦੇ ਲੋਕਾਂ ਦੀ ਧਾਰਮਕ ਅਜ਼ਾਦੀ ਲਈ ਅਤੇ ਇਲਾਕਾਈ ਵਿਤਕਰਿਆਂ ਨੂੰ ਦੂਰ ਕਰਨ ਦੀਆਂ ਮੰਗਾਂ ਦੇ ਸੰਘਰਸ਼ ਵਿਚ ਸ਼ਾਮਲ ਹੋਣ, ਉਥੇ ਲੋਕਾਂ ਨੂੰ ਇਹ ਵੀ ਸਾਫ ਕਰਨ ਕਿ ਜਿਤਵ ਇਹ ਮੰਗਾ ਮੰਨੇ ਜਾਣ ਨਾਲ ਉਹਨਾਂ ਦੀ ਮੁਕਤੀ ਨਹੀਂ ਹੋਣੀ। ਪੰਜਾਬ ਦੀ ਮਿਸਾਲ ਜੇਕਰ ਲਈਏ ਤਾਂ ਖੱਬੀ ਧਿਰ ਦਾ ਪੈਂਤੜਾ ਕਦੀ ਵੀ ਉਹ ਨਹੀਂ ਹੋ ਸਕਦਾ, ਜੋ ਅਕਾਲੀਆਂ ਦਾ ਹੁੰਦਾ ਹੈ। ਅਕਾਲੀ ਮੰਗ ਕਰਨਗੇ ਕਿ ਪੰਜਾਬ ਨੂੰ ਪਾਣੀ ਹੋਰ ਦੇਵੋ। ਖੱਬੀ ਧਿਰ ਮੰਗ ਕਰੇਗੀ ਕਿ ਪਾਣੀ ਦੀ ਵੰਡ ਨਿਆਂਸ਼ੀਲ ਹੋਵੇ ਤੇ ਸਾਰੇ ਖਿਤਿਆਂ ਨੂੰ ਜ਼ਰੂਰਤ ਨੂੰ ਮੁੱਖ ਰੱਖ ਕੇ ਪਾਣੀ ਦਿਤਾ ਜਾਏ। ਖੱਬੀ ਧਿਰ ਵੇਖੇਗੀ ਕਿ ਪੰਜਾਬ, ਹਰਿਆਣਾ, ਰਾਜਸਥਾਨ ਦੇ ਲੋਕਾਂ ਵਿਚ ਆਪਸੀ ਦਫੇੜ ਨਾ ਪਏ। ਕੇਂਦਰ ਦੀ ਕਾਂਗਰਸੀ ਸਰਕਾਰ ਇਹ ਚਾਹਵੇਗੀ ਕਿ ਇਹ ਦੁਫੇੜ ਪਏ। ਚੰਡੀਗੜ੍ਹ ਪੰਜਾਬ ਨੂੰ ਮਿਲੇ। ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਹੋਣ। ਇਹਨਾਂ ਮੰਗਾਂ ਬਾਰੇ ਵੀ ਖੱਬੀ ਧਿਰ ਦਾ ਪੈਂਤੜਾ ਇਹੀ ਹੋਵੇਗਾ ਕਿ ਇਹ ਕਰਦਿਆਂ ਹਰਿਆਣੇ ਨੂੰ ਵੀ ਪੂਰਾ ਇਨਸਾਫ ਮਿਲੇ। ਇਹ ਪੈਂਤੜਾ ਪੰਜਾਬ ਵਿਚ ਅਕਾਲੀਆਂ ਦੇ ਪੈਂਤੜੇ ਤੋਂ ਅਤੇ ਹਰਿਆਣਾ ਵਿਚ ਲੋਕ ਦਲ, ਭਾਰਤੀ ਜੰਤਾ ਪਾਰਟੀ ਆਦਿਕ ਦੇ ਪੈਂਤੜਿਆਂ ਤੋਂ ਬਿਲਕੁਲ ਵੱਖ ਹੋਵੇਗਾ। ਇਲਾਕਾਈ ਮੰਗਾਂ ਨੂੰ ਚੁੱਕਦੇ ਹੋਏ ਅਤੇ ਧਾਰਮਿਕ ਮਾਮਲਿਆਂ ਨਾਲ ਸੰਬੰਧਤ ਮੰਗਾਂ ਨੂੰ ਚੁੱਕਦੇ ਹੋਏ ਵੀ ਹਰ ਵੇਲੇ ਇਸ ਗੱਲ ਦਾ ਪੂਰਾ ਯਤਨ ਹੋਣਾ ਹੈ ਕਿ ਲੋਕਾਂ ਨੂੰ ਇਨਕਲਾਬ ਦੀ ਸਿਆਸਤ ਵਲ ਲਿਆਉਣਾ ਹੈ ਕਿਉਂਕਿ ਉਹਨਾਂ ਅੰਤਮ ਮੁਕਤੀ ਇਸੇ ਸਿਆਸਤ ਦੀ ਜਿੱਤ ਨਾਲ ਹੀ ਹੋਣੀ ਹੈ।

ਖੱਬੀ ਧਿਰ ਦੀ ਵੱਡੀ ਜ਼ਿਮੇਂਵਾਰੀ ਹੈ ਕਿ ਉਹ ਆਮ ਲੋਕਾਂ ਵਿਚ ਆਪਣੇ ਪ੍ਰਤੀ ਵਿਸਵਾਸ਼ ਪੈਦਾ ਕਰੇ ਅਤੇ ਆਪਸੀ ਮੱਤ ਭੇਦਾਂ ਦੇ ਭੇੜ ਵਿਚ ਲੋਕਾਂ ਨੂੰ ਨਾਂ ਉਲਝਾਏ। ਇਹਨਾਂ ਮੱਤ ਭੇਦਾਂ ਦੇ ਵਾਦ ਵਿਵਾਦ ਲਈ ਫੋਰਮ ਪਬਲਿਕ ਫੋਰਮ ਜਾਂ ਤਬਕਾਂਤੀ ਯੂਨੀਅਨਾਂ ਨਾ ਹੋਣ। ਪਬਲਿਕ ਵਿਚ ਪ੍ਰਭਾਵ ਏਕਤਾ ਦਾ ਹੀ ਜਾਣਾ ਚਾਹੀਦਾ ਹੈ। ਪੰਜਾਬ ਵਿਚ ਇਨਕਲਾਬੀ ਕੇਂਦਰ ਨੇ ਇਸ ਦਿਸ਼ਾ ਵਲ ਇਕ ਸੀਮਤ ਅਮਲ ਕੀਤਾ ਹੈ। ਉਹਦੇ ਨਾਲ ਸੰਬੰਧਤ ਇਨਕਲਾਬੀ ਗਰੁੱਪਾਂ ਜਾਂ ਵਿਅਕਤੀਆਂ ਦਰਮਿਆਨ ਬਹੁਤ ਸਾਰੇ ਮਾਮਲਿਆਂ ਵਿਚ ਆਪਸੀ ਮੱਤ ਭੇਦ ਹਨ। ਇਹ ਮੱਤ ਭੇਦ ਬੁਨਿਆਦੀ ਵੀ ਹਨ ਜਿਨ੍ਹਾਂ ਬਾਰੇ ਤਿੱਖਾ ਵਾਦ ਵਿਵਾਦ ਵੀ ਚਲਦਾ ਹੈ; ਪਰ ਇਸ ਗੱਲ ਦਾ ਖਿਆਲ ਰੱਖਿਆ ਜਾਂਦਾ ਹੈ ਕਿ ਇਹ ਵਾਦ ਵਿਵਾਦ ਦੋਸਤੀ ਦੇ ਮਾਹੌਲ ਵਿਚ ਚਲੇ ਤਾਂ ਜੋ ਲੋਕਾਂ ਪ੍ਰਤੀ ਆਪਣੀ ਜ਼ਿਮੇਂਵਾਰੀ ਨੂੰ ਪੂਰੀ ਤਰ੍ਹਾਂ ਨਿਭਾਇਆ ਜਾ ਸਕੇ। ਦੋ ਗਰੁੱਪ ਕੇਂਦਰ ਵਿਚ ਸ਼ਾਮਿਲ ਵੀ ਹੋਏ ਅਤੇ ਫੇਰ ਬਾਹਰ ਵੀ ਚਲੇ ਗਏ ਪਰ ਇਥੇ ਵੀ ਇਸ ਗੱਲ ਦਾ ਖਿਆਲ ਰਖਿਆ ਗਿਆ ਕਿ ਆਪਸੀ ਕੁੜੱਤਣ ਨਾ ਪੈਦਾ ਹੋਵੇ ਅਤੇ ਸਾਂਝੀਆਂ ਕਾਰਵਾਈਆਂ ਵਿਚ ਇਕ ਦੂਜੇ ਦਾ ਸਹਿਯੋਗ ਲਿਆ ਜਾ ਸਕੇ। ਪਿਛਲੇ ਇਕ ਸਾਲ ਵਿਚ ਜੇਕਰ ਇਨਕਲਾਬੀ ਕੇਂਦਰ 3 ਲੱਖ ਦੇ ਲਗ ਭਗ ਲੋਕਾਂ ਵਿਚ ਇਨਕਲਾਬ ਦਾ ਸੁਨੇਹਾ ਲਿਜਾ ਸਕਿਆ ਹੈ ਤਾਂ ਇਸੇ ਨੀਤੀ ਦੀ ਦੇਣ ਹੈ।

ਅੱਜ ਸਮੇਂ ਦੀ ਲੋੜ ਹੈ ਕਿ ਕੇਂਦਰ ਦੀ ਭ੍ਰਿਸ਼ਟ ਕਾਂਗਰਸੀ ਸਰਕਾਰ ਵਿਰੁੱਧ ਇਕ ਤਿੱਖਾ ਹਮਲਾ ਵਿਢਿਆ ਜਾਏ ਪਰ ਨਾਲ ਹੀ ਇਸ ਗੱਲ ਦਾ ਖਿਆਲ ਰਖਿਆ ਜਾਏ ਕਿ ਫਿਰਕੂ ਅਤੇ ਇਲਾਕਾਈ ਸ਼ਾਵਨਵਾਦੀ ਪਾਰਟੀਆਂ ਲੋਕਾਂ ਦੀ ਬੇਚੈਨੀ ਦਾ ਫਾਇਦਾ ਨਾ ਉਠਾਉਣ। 1988 ਦਾ ਸਾਲ ਖੱਬੀ ਧਿਰ ਲਈ ਚਣੌਤੀਆਂ ਦਾ ਸਾਲ ਹੋਵੇਗਾ। ਸਹੀ ਸਮੇਂ ਸਹੀ ਫੈਸਲੇ ਲੈਣੇ ਅਤੇ ਸਹੀ ਪੈਂਤੜੇ ਅਪਨਾਉਣੇ ਇਸ ਧਿਰ ਦਾ ਇਮਤਿਹਾਨ ਹੈ।

ਗੁਰਸ਼ਰਨ ਸਿੰਘ

## ਸੰਪਾਦਕੀ ਟਿਪਣੀਆਂ

**o ਸ਼ਾਹੀ-ਠਾਠ ਦੀ ਪ੍ਰਦਸ਼ਨੀ :**

ਗਵਾਲੀਅਰ ਰਾਜ਼ੇ ਦੀ ਧੀ ਦਾ ਵਿਆਹ ਹੈ। ਰਾਜ਼ਾ ਕੇਂਦਰੀ ਮੰਤਰੀ ਹੈ। ਰਾਜ਼ਾ ਕਾਂਗਰਸ ਪਾਰਟੀ ਵਲੋਂ ਚੁਣਿਆ ਹੋਇਆ ਐਮ ਪੀ ਵੀ ਹੈ। ਇਹ ਵਿਆਹ ਜਿਸ ਸ਼ਾਨੋਸ਼ੌਕਤ ਨਾਲ ਕੀਤਾ ਗਿਆ ਹੈ, ਇਹਦੇ ਬਾਰੇ ਅਖਬਾਰਾਂ ਵਿਚ ਚਰਚਾ ਹੈ। ਆਲੋਚਨਾਂ ਵੀ ਹੈ ਤੇ ਕਈ ਅਖਬਾਰਾਂ ਨੇ ਇਹ ਵੀ ਲਿਖਿਆ ਹੈ ਕਿ ਸਾਰਾ ਕੁਝ ਰਾਜੇ ਦਾ ਨਿੱਜੀ ਮਾਮਲਾ ਏ। ਉਹਨੇ ਜੋ ਵੀ ਖਰਚ ਕੀਤਾ ਏ ਆਪਣੇ ਕੋਲੋਂ ਕੀਤਾ ਏ। ਆਖਰ ਰਾਜ਼ਾ ਏ, ਜੇਕਰ ਉਹਨੇ ਕੁਝ ਸ਼ਾਨ ਵਿਖਾ ਵੀ ਦਿਤੀ ਏ ਤਾਂ ਲੋਕਾਂ ਨੂੰ ਜਾਂ ਪ੍ਰੈਸ ਵਾਲਿਆਂ ਨੂੰ ਕੀ ਪੀੜ ਹੋ ਸਕਦੀ ਏ ? ਜਦੋਂ ਇਸ ਵਿਆਹ ਦੀ ਸ਼ਾਨ ਦੀ ਖਬਰ ਪੜ੍ਹ ਰਿਹਾ ਸਾਂ ਤਾਂ ਇਸੇ ਦਿਨ ਮੈਂ ਰਾਜਿੰਦਰ ਰਾਹੀਂ ਦੀ ਇਕ ਕਹਾਣੀ ਪੜ੍ਹ ਕੇ ਹੱਟਿਆ ਸਾਂ, ਜੋ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਪ੍ਰਕਾਸ਼ਿਤ ਹੋਈ ਉਹਦੀ ਕਹਾਣੀਆਂ ਦੀ ਕਿਤਾਬ 'ਚੌਂਹ ਕਿਲਿਆਂ ਤੇ ਉਸਰਿਆ ਟਿੱਡਾ' ਵਿਚੋਂ ਇਸੇ ਨਾਂ ਦੀ ਕਹਾਣੀ ਹੈ। ਇਹ ਕਹਾਣੀ ਇਕ ਗਰੀਬ ਬਾਪੂ ਦੀ ਕਹਾਣੀ ਹੈ, ਜਿਸ ਵਿਚ ਬਾਪ ਨੂੰ ਆਪਣੀ ਧੀ ਦੇ ਹੱਥ ਪੀਲੇ ਕਰਨ ਲਈ ਆਪਣੀ ਦੋ ਕਿਲੇ ਜ਼ਮੀਨ ਵੇਚਣੀ ਪੈ ਗਈ ਸੀ, ਜੋ ਉਹਦੇ ਇਕੋ ਇਕ ਪੁੱਤਰ ਦਾ ਸਹਾਰਾ ਸੀ। ਜਦੋਂ ਹਿੰਦੋਸਤਾਨ ਟਾਈਮਜ਼ ਦੇ ਪੱਤਰਕਾਰ ਨੇ ਲੋਕਾਂ ਤੇ ਸਵਾਲ ਕੀਤਾ ਸੀ ਕਿ ਲੋਕਾਂ ਨੂੰ ਕੀ ਤਕਲੀਫ ਹੈ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਇਹ ਸ਼ਾਨੋਸ਼ੌਕਤ ਵਿਖਾਣਾ ਰਾਜੇ ਦਾ ਨਿੱਜੀ ਮਾਮਲਾ ਨਹੀਂ ਕਿਉਂਕਿ ਉਹ ਇਹ ਸ਼ਾਨੋਸ਼ੌਕਤ ਵਿਖਾ ਕੇ ਦੇਸ਼ ਦੇ ਕ੍ਰੋੜ ਲੋਕਾਂ ਦਾ ਮਜ਼ਾਕ ਉਡਾ ਰਿਹਾ ਹੈ ਤੇ ਇਹ ਮਜ਼ਾਕ ਉਡਾਣ ਦਾ ਉਹਨੂੰ ਕੋਈ ਹੱਕ ਨਹੀਂ, ਖਾਸ ਕਰਕੇ ਜਦੋਂ ਉਹ ਜਮਹੂਰੀ ਤਰਜ਼ ਤੇ ਚਲ ਰਹੀ ਸਰਕਾਰ ਦਾ ਮੰਤਰੀ ਵੀ ਹੈ। ਗਰੀਬ ਹੋਰ ਗਰੀਬ ਹੋ ਜਾਂਦਾ ਹੈ ਜੇ ਗੁਵਾਂਢੀ ਜ਼ਰੂਰਤ ਤੋਂ ਵੱਧ ਅਮੀਰ ਹੋ ਜਾਏ। ਅਮੀਰੀ ਦੀ ਪ੍ਰਦਰਸ਼ਨੀ ਗਰੀਬ ਲੋਕਾਂ ਲਈ ਮਾਨਸਕ ਤਸੀਹਾ ਹੈ। ਇਸਨੂੰ ਅਮੀਰਾਂ ਦਾ ਨਿੱਜੀ ਮਾਮਲਾ ਕਹਿ ਕੇ ਅਖੋਂ ਪਰੋਖਾ ਨਹੀਂ ਕੀਤਾ ਜਾ ਸਕਦਾ। ਇਹ ਪ੍ਰਦਰਸ਼ਨੀ ਭਾਵੇਂ ਗਵਾਲੀਅਰ ਦਾ ਰਾਜਾ ਕਰ ਰਿਹਾ ਹੋਵੇ ਤੇ ਭਾਵੇਂ ਫਾਜ਼ਿਲਕਾ ਦਾ ਕੋਈ ਰਾਈਸ ਸ਼ੈਲਰ ਕਰ ਰਿਹਾ ਹੋਵੇ (ਫਾਜ਼ਿਲਕਾ ਦੇ ਇਲਾਕੇ ਤੇ ਵਿਖਾਈ ਸ਼ਾਨ ਵੀ ਇਲਾਕੇ ਵਿਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ)। ਉਂਝ ਇਨਕਲਾਬੀ ਸਫਾ ਵਲੋਂ ਗਵਾਲੀਅਰ ਦੇ ਰਾਜੇ ਦੇ ਘਰ ਵਿਚ ਮੰਨਾ ਮੂਹੀ ਸੋਨੇ ਅਤੇ ਹੀਰੇ ਮੋਤੀਆਂ ਦੀ ਮੌਜੂਦਗੀ ਦਾ ਪੂਰਾ ਨੋਟ ਲਿਆ ਜਾਣਾ ਚਾਹੀਦਾ ਹੈ, ਜਿਨ੍ਹਾਂ ਦੀ ਕੀਮਤ ਅਰਬਾਂ ਰੁਪਏ ਬਣਦੀ ਹੈ ਤੇ ਜਿਹੜੇ ਜ਼ਬਤ ਕਰਨ ਨਾਲ ਗਵਾਲੀਅਰ ਦੇ ਇਲਾਕੇ ਵਿਚ ਐਸੇ ਕਈ ਪ੍ਰਾਜੈਕਟ ਸਿਰੇ ਚੜ੍ਹਾਏ ਜਾ ਸਕਦੇ ਹਨ, ਜਿਨ੍ਹਾਂ ਨਾਲ ਇਲਾਕੇ ਦੀ ਗਰੀਬੀ ਅਤੇ ਸੋਕੇ ਵਰਗੀਆਂ ਆਫਤਾਂ ਤੋਂ ਹਮੇਸ਼ਾਂ ਹਮੇਸ਼ਾਂ ਲਈ ਛੁਟਕਾਰਾ ਪਾਇਆ ਜਾ ਸਕਦਾ ਹੈ।

**o ਤੀਹ ਕਰੋੜ ਰੁਪਿਆ ਕੌਣ ਲੈ ਗਿਆ ?**

ਭਾਰਤ ਦੀ ਸਰਕਾਰ ਵਲੋਂ ਇਕ ਠਾਕਰ ਨਾਟਰੰਜਨ ਕਮਿਸ਼ਨ ਬਿਠਾਇਆ ਗਿਆ ਸੀ। ਇਸ ਕਮਿਸ਼ਨ ਨੇ ਬੋਫਰਜ਼ ਸੌਦੇ ਦੇ ਬਾਰੇ ਅਤੇ ਫੇਅਰਫੈਕਸ ਏਜੰਸੀ ਵਲੋਂ ਕੀਤੀ ਛਾਣਬੀਣ ਬਾਰੇ ਆਪਣੀ ਰੀਪੋਰਟ ਦੇਣੀ ਸੀ। ਸਾਧਾਰਨ ਬੰਦੇ ਦੀ ਇਸ ਕਮਿਸ਼ਨ ਬਾਰੇ ਇਸ ਗੱਲ ਵਿਚ ਦਿਲਚਸਪੀ ਸੀ ਕਿ ਬੋਫਰਜ਼ ਸੌਦੇ ਵਿਚੋਂ ਜਿਹੜੇ ਤ੍ਰੀਹ ਕ੍ਰੋੜ ਕਮਿਸ਼ਨ ਦੇ ਖਾਧੇ ਗਏ, ਉਹ ਕਿਸਨੇ ਖਾਧੇ ! ਕਮਿਸ਼ਨ ਦੀ ਰੀਪੋਰਟ ਆ ਗਈ ਹੈ। ਇਹ ਇਕ ਪੂਰੀ ਤਰ੍ਹਾਂ ਪੁਲੀਟੀਕਲ ਰੀਪੋਰਟ ਹੈ ਜਿਸ ਵਿਚ ਪ੍ਰਧਾਨ ਮੰਤਰੀ ਰਾਜੀਵ ਨੂੰ ਹਰ ਤਰ੍ਹਾਂ ਦੀ ਜ਼ਿਮੇਂਵਾਰੀ ਤੋਂ ਪੂਰੀ ਤਰ੍ਹਾਂ ਸੁਰਖ਼ਰੂ ਕੀਤਾ ਗਿਆ ਹੈ ਤੇ ਉਹਦੇ ਰਹਿ ਚੁਕੇ ਵਜ਼ੀਰ ਵੀ. ਪੀ ਸਿੰਘ ਨੂੰ (ਜੋ ਅੱਜ ਕਲ ਰਾਜੀਵ ਗਾਂਧੀ ਦੀ ਅੱਖ ਵਿਚ ਰੜਕਦਾ ਕੰਡਾ ਹੈ) ਬੜੀਆਂ ਹੀ ਗਲਤ ਕਾਰਵਾਈਆਂ ਦਾ ਜ਼ਿਮੇਂਵਾਰ ਠਹਿਰਾ ਦਿਤਾ ਗਿਆ ਹੈ। ਪਰ ਇਸ ਰਿਪੋਰਟ ਵਿਚ ਕਿਤੇ ਉਹਨਾ ਤੀਹ ਕ੍ਰੋੜ ਦਾ ਕੋਈ ਜ਼ਿਕਰ ਨਹੀਂ। ਇਹ ਜਾਣ ਬੁਝ ਕੇ ਕੀਤਾ ਗਿਆ ਹੈ, ਤਾਂ ਜੋ ਲੋਕਾਂ ਨੂੰ ਅਸਲ ਗੱਲ ਕਦੀ ਵੀ ਪਤਾ ਨਾ ਲਗ ਸਕੇ। ਕਮਿਸ਼ਨਾ ਦਾ ਢੋਂਗ ਭਾਰਤੀ ਵਰਤਾਰੇ ਵਿਚ ਬੜੇ ਚਿਰ ਤੋਂ ਚਲ ਰਿਹਾ ਏ ਤੇ ਢੋਂਗੀ ਕਮਿਸ਼ਨਾਂ ਦੀ ਲੜੀ ਵਿਚ ਠਾਕਰ-ਨਟਰਾਂਜਨ ਕਮਿਸ਼ਨ ਵੀ ਇਕ ਵਾਧੇ ਤੋਂ ਸਿਵਾ ਕੁਝ ਨਹੀਂ।

**o ਦਿੱਲੀ ਵਿਚ ਲਾਲ ਝੰਡੇ ਦੀ ਚੜ੍ਹਤ :**

9 ਦਸੰਬਰ ਨੂੰ ਰਾਜਧਾਨੀ ਵਿਚ ਖੱਬੀਆਂ ਪਾਰਟੀਆਂ ਵਲੋਂ ਕੀਤਾ ਗਿਆ ਤਾਕਤ ਦਾ ਮੁਜ਼ਾਹਰਾ ਦੇਸ਼ ਦੀ ਰਾਜਨੀਤੀ ਵਿਚ ਇਕ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਸ ਤੋਂ ਪਹਿਲਾਂ ਵੀ ਇਕ ਵਿਸ਼ਾਲ ਰੈਲੀ ਲਾਮ ਬੰਦ ਕੀਤੀ ਗਈ ਸੀ। ਉਹਦਾ ਮੁੱਖ ਨਾਅਰਾ 'ਦੇਸ਼ ਦੀ ਏਕਤਾ' ਸੀ। ਉਹ ਉਸੇ ਕੋਲ ਮੈਮੋਰੈਂਡਮ ਪੇਸ਼ ਕਰਨ ਲਈ ਕੀਤੀ ਗਈ, ਜੋ ਦੇਸ਼ ਦੀ ਏਕਤਾ ਦਾ ਸਭ ਤੋਂ ਵੱਡਾ ਦੁਸ਼ਮਣ ਸਾਬਤ ਹੋ ਰਿਹਾ ਹੈ। ਉਸ ਰਾਜੀਵ ਗਾਂਧੀ ਨੇ ਉਹ ਮੈਮੋਰੈਂਡਰ ਵੀ ਨਾ ਲਿਆ। ਉਸ ਰੈਲੀ ਵਿਚ ਵੀ ਭਾਵੇਂ ਜੋਸ਼ ਬੜਾ ਸੀ, ਪਰ ਉਹ

ਪੂਛਲ ਸਿਆਸਤ ਦੀ ਰੈਲੀ ਸੀ। ਇਹ ਰੈਲੀ ਇਸਦੇ ਉਲਟ ਮੁੱਕੇ ਦੀ ਰੈਲੀ ਸੀ। ਇਸ ਦਾ ਮੁਖ ਨਾਅਰਾ ਰਾਜੀਵ ਹਟਾਓ ਦਾ ਨਾਅਰਾ ਸੀ। ਇਹ ਰੈਲੀ ਖੱਬੀ ਤਾਕਤ ਦੇ ਵਿਸ਼ਵਾਸ਼ ਦੀ ਰੈਲੀ ਸੀ। ਲਾਲ ਝੰਡੇ ਦੀ ਚੜ੍ਹਤ ਦੀ ਰੈਲੀ ਸੀ। ਮੁੱਖ ਦੁਸ਼ਮਣ ਵਿਰੁੱਧ ਸੇਧਤ ਰੈਲੀ ਸੀ। ਰਾਜੀਵ ਗਾਂਧੀ ਨੇ ਪਾਰਲੀਮੈਂਟ ਵਿਚ ਫੋਕੇ ਵਾਕ ਕਿਹਾ ਕਿ ਇਹੋ ਜਿਹੇ ਤਮਾਸ਼ੇ ਕਾਂਗਰਸ ਪਾਰਟੀ ਵੀ ਕਰ ਸਕਦੀ ਹੈ। ਕਮਿਊਨਿਸਟਾਂ ਨੇ ਜੇ 10 ਲੱਖ ਲੋਕ ਇਕੱਠੇ ਕੀਤੇ ਹਨ, ਕਾਂਗਰਸ ਪਾਰਟੀ 40 ਲੱਖ ਇਕੱਠੇ ਕਰ ਸਕਦੀ ਹੈ। ਇਕ ਤਰ੍ਹਾਂ ਉਹਨੇ ਸ਼ਵੀਕਾਰ ਕਰ ਲਿਆ ਕਿ ਕਾਂਗਰਸ ਪਾਰਟੀ ਜਦੋਂ ਇਹੋ ਜਿਹੇ ਇਕੱਠ ਕਰਦੀ ਹੈ ਤਾਂ ਉਹ ਤਮਾਸ਼ਾ ਹੀ ਹੁੰਦਾ ਹੈ ਅਤੇ ਸਰਕਾਰੀ ਸਾਧਨਾਂ ਨੂੰ ਪੂਰੀ ਤਰ੍ਹਾਂ ਵਰਤਕੇ, ਅੰਨ੍ਹਾਂ ਪੈਸਾ ਖਰਚ ਤਮਾਸ਼ਾ ਕੀਤਾ ਜਾਂਦਾ ਹੈ। ਇਸਦੇ ਉਲਟ ਜਦੋਂ ਦੇਸ਼ ਦੀ ਹਰ ਨੁੱਕਰ ਤੋਂ ਮਾਰਚ ਕਰਦੇ ਹੋਏ ਕਾਫਲੇ ਚਲਣ ਤਾਂ ਉਹ ਤਮਾਸ਼ਾ ਨਹੀਂ ਹੁੰਦਾ, ਉਹ ਪੁਲੀਟੀਕਲ ਲਾਮਬੰਦੀ ਹੁੰਦੀ ਹੈ। ਪੰਜਾਬ ਤੋਂ ਇਕ ਲੱਖ ਤੋਂ ਵੱਧ ਲੋਕ ਇਸ ਰੈਲੀ ਵਿਚ ਸ਼ਾਮਲ ਹੋਏ, ਇਹ ਹੋਰ ਵੀ ਉਤਸ਼ਾਹ ਜਨਕ ਗੱਲ ਹੈ। ਇਸ ਰੈਲੀ ਨਾਲ ਖੱਬੀ ਧਿਰ ਨੇ ਪੂਛਲ ਤੋਂ ਮੁੱਕੇ ਤਕ ਦਾ ਸਫਰ ਤਹਿ ਕੀਤਾ ਹੈ। ਇਹ ਸਫਰ ਆਖਰੀ ਜਿੱਤ ਤੱਕ ਜਾਰੀ ਰਹਿਣਾ ਚਾਹੀਦਾ ਹੈ।

### o ਅਮਰੀਕਾ-ਰੂਸ ਸਮਝੌਤਾ:

ਪੰਜਾਬ ਮਸਲੇ ਬਾਰੇ ਜਦੋਂ ਸਮਤਾ ਵਿਚ ਗੋਲਮੇਜ਼ ਕਾਨਫਰੰਸ ਦਾ ਜ਼ਿਕਰ ਹੋਇਆ ਤਾਂ ਇਸ ਵਿਚ ਅਮਰੀਕਾ-ਰੂਸ ਦਰਮਿਆਨ ਚਲ ਰਹੀ ਵਾਰਤਾਲਾਪ ਦੀ ਮਿਸਾਲ ਦਿੱਤੀ ਗਈ ਸੀ। ਕੁਝ ਦੋਸਤਾਂ ਨੇ ਇਸ ਮਿਸਾਲ ਨੂੰ ਅਪ੍ਰਸੰਗਿਕ ਕਿਹਾ ਅਤੇ ਨਾਲ ਇਹ ਵੀ ਕਿਹਾ ਕਿ ਲੈਨਿਨ ਦੇ ਕਥਨ ਅਨੁਸਾਰ ਸਾਮਰਾਜੀ ਤਾਕਤਾਂ ਦੀ ਆਪਸੀ ਜੰਗ ਇਕ ਅਟੱਲ ਸਚਾਈ ਹੈ। ਕੋਈ ਵੀ ਸਾਇੰਸ ਕਿਸੇ ਅਟੱਲ ਸਚਾਈ ਦੀ ਵਿਆਖਿਆ ਕਰਦੀ ਹੈ ਤਾਂ ਨਾਲ ਉਹਨਾਂ ਪ੍ਰਸਥਿਤੀਆਂ ਦਾ ਵੀ ਨੋਟਿਸ ਲੈਂਦੀ ਹੈ, ਜੋ ਸਚਾਈ ਨੂੰ ਵਾਪਰਨ ਤੋਂ ਰੋਕ ਰਹੀਆਂ ਹੁੰਦੀਆਂ ਹਨ। ਨਿਊਟਨ ਦਾ ਗਰੈਵਿਟੀ ਦਾ ਅਸੂਲ ਇਕ ਅਟੱਲ ਸਚਾਈ ਹੈ। ਹਰ ਇਕ ਚੀਜ਼ ਨੇ ਧਰਤੀ ਵਲ ਖਿਚਿਆ ਜਾਣਾ ਹੈ ਤੇ ਉਹਨੇ ਥੱਲੇ ਵਲ ਆਉਣਾ ਹੈ, ਪਰ ਕੋਈ ਹਲਕਾ ਖੰਭ ਕੇਂਦਰ ਧਰਤੀ ਤੇ ਨਹੀਂ ਡਿਗਦਾ ਤਾਂ ਉਹ ਨਿਊਟਨ ਦੇ ਗਰੈਵਿਟੀ ਦੇ ਅਸੂਲ ਦੀ ਉਲੰਘਣਾ ਨਹੀਂ ਕਿਉਂਕਿ ਖੰਭ ਜਦੋਂ ਇਕ ਪਾਸੇ ਧਰਤੀ ਤੇ ਡਿਗ ਰਿਹਾ ਹੈ। ਤਾਂ ਦੂਜੇ ਪਾਸੇ ਹਵਾ ਉਹਨੂੰ ਉਤੇ ਚੁਕ ਰਹੀ ਹੈ। ਸਾਮਰਾਜੀ ਤਾਕਤਾਂ ਦੀ ਆਪਸੀ ਜੰਗ ਅਟੱਲ ਹੋ ਸਕਦੀ ਹੈ, ਪਰ ਨਾਲ ਇਹ ਵੀ ਹੁਣ ਇਕ ਹੋਰ ਯਥਾਰਥ ਹੋਂਦ ਵਿਚ ਆ ਗਿਆ ਹੈ ਕਿ ਹਥਿਆਰ ਹੁਣ ਇਹੋ ਜਿਹੇ ਮਾਰੂ ਹੋ ਗਏ ਹਨ ਕਿ ਕੋਈ ਵੀ ਧਿਰ ਕਿਸੇ ਵੀ ਜੰਗ ਵਿਚ ਜਿੱਤ ਨਹੀਂ ਸਕਦੀ, ਕਿਉਂਕਿ ਦੋਨੋਂ ਪਾਸਿਆਂ ਕੋਲ ਇਕ ਦੂਜੇ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਦੇ ਸਾਧਨ ਹਨ। ਇਸ ਕਰਕੇ ਇਕ ਅਮਲ ਅਟੱਲ ਸਚਾਈ ਹੋਣ ਤੇ ਵੀ ਨਹੀਂ ਵਾਪਰਦਾ ਕਿਉਂਕਿ ਸਥਿਤੀ ਵਿਚ ਹੋਰ ਅੰਸ਼ ਸ਼ਾਮਲ ਹੋ ਗਏ ਹਨ ਜੋ ਇਸ ਸਚਾਈ ਨੂੰ ਵਾਪਰਨ ਵਿਚ ਰੁਕਾਵਟ ਹਨ। ਸਾਡੇ ਸਾਥੀ ਇਕ ਹੋਰ ਪੱਖ ਤੋਂ ਵੀ ਗਲਤੀ ਖਾਂਦੇ ਹਨ ਜੋ ਦੋਨੋਂ ਮਹਾਂ ਸ਼ਕਤੀਆਂ ਨੂੰ ਇਕ ਬਰਾਬਰ ਜੰਗ ਚਾਹੁਣ ਵਾਲੀਆਂ ਸ਼ਕਤੀਆਂ ਗਿਣਦੇ ਹਨ। ਰੂਸ ਵਿਚ ਕੋਈ ਐਸੀ ਜਮਾਤ ਨਹੀਂ ਜੋ ਜੰਗ ਤੋਂ ਕੁਝ ਫਾਇਦਾ ਲੈ ਸਕਦੀ ਹੈ। ਰੂਸ ਦੇ ਹਿੱਤ ਜੰਗ ਦੇ ਹਿੱਤ ਨਾਲ ਨਹੀਂ ਜੁੜਦੇ, ਇਸ ਲਈ ਮਾਰਕਸੀ ਸਚਾਈ ਅਨੁਸਾਰ ਉਹ ਸਾਮਰਾਜੀ ਦੇਸ਼ ਨਹੀਂ। ਰੂਸ ਇਕ ਮਹਾਂਸ਼ਕਤੀ ਜ਼ਰੂਰ ਹੈ ਪਰ ਇਹ ਸਚਾਈ ਇਹ ਨਹੀਂ ਸਿਧ ਕਰਦੀ ਕਿ ਉਹ ਸਾਮਰਾਜੀ ਸ਼ਕਤੀ ਹੈ। ਰੂਸ ਦੀਆਂ ਬਦੇਸ਼ੀ ਨੀਤੀਆਂ ਵਿਚ, ਵਿਸ਼ੇਸ਼ ਕਰਕੇ ਤੀਸਰੀ ਦੁਨੀਆ ਦੇ ਦੇਸ਼ਾਂ ਦੀਆਂ ਸਰਕਾਰਾਂ ਦੇ ਸੰਦਰਭ ਵਿਚ, ਸੌ ਗਲਤੀਆਂ ਹੋ ਸਕਦੀਆਂ ਹਨ, ਪਰ ਇਹ ਗਲਤੀਆਂ ਆਪਣੇ ਆਪ ਵਿਚ ਰੂਸ ਨੂੰ ਸਾਮਰਾਜੀ ਤਾਕਤ ਨਹੀਂ ਸਿਧ ਕਰਦੀਆਂ। ਇਸ ਬਾਰੇ ਗੌਰ ਕਰਨ ਦੀ ਲੋੜ ਹੈ।

### o ਬਿਹਾਰੀ ਮਜ਼ਦੂਰਾਂ ਦੀ ਇਕ ਸ਼ਕਾਇਤ:

ਕੁਝ ਦਿਨ ਪਹਿਲੇ ਪਟਨਾ ਯੂਨੀਵਰਸਟੀ ਵਿਚ ਇਕ ਥੀਏਟਰ ਵਰਕਸ਼ਾਪ ਦੇ ਸੰਬਧ ਵਿਚ ਮੈਨੂੰ ਬਿਹਾਰ ਜਾਣਾ ਪਿਆ। ਜਦੋਂ ਮੈਂ ਨੁਕਰ ਨਾਟਕਾਂ ਦੇ ਵਿਸ਼ਿਆਂ ਉਤੇ ਗਲ ਕਰ ਰਿਹਾ ਸਾਂ ਤਾਂ ਮੈਂ ਨਾਟਕ ਦੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਕੁਝ ਵਿਸ਼ੇ ਦੱਸਣ ਤਾਂ ਜੋ ਵਰਕਸ਼ਾਪ ਵਿਚ ਹੀ ਨੁਕਰ ਨਾਟਕ ਲਿਖਿਆ ਜਾਏ ਅਤੇ ਫੇਰ ਤਿਆਰ ਕੀਤਾ ਜਾਏ ਅਤੇ ਜਾਏ। ਬੇਰੁਜ਼ਗਾਰੀ ਬਾਰੇ, ਵਿਦਿਅਕ ਸੰਸਥਾਵਾਂ ਵਿਚ ਫੈਲ ਰਹੇ ਭ੍ਰਿਸ਼ਟਾਚਾਰ ਬਾਰੇ, ਵੱਧ ਰਹੀ ਮਹਿੰਗਾਈ ਬਾਰੇ ਜਾਤਪਾਤ ਦੇ ਨਾਂ ਤੇ ਜਾਂ ਧਰਮਾਂ ਦੇ ਨਾਂ ਤੇ ਜਾਂ ਧਰਮਾਂ ਦੇ ਨਾਂ ਤੇ ਹੋ ਰਹੇ ਫਸਾਦਾਂ ਬਾਰੇ, ਆਦਿਕ ਕਈ ਵਿਸ਼ਿਆਂ ਬਾਰੇ ਸੁਝਾਅ ਆਏ। ਇਕ ਵਿਸ਼ਾ ਇਹ ਵੀ ਆਇਆ ਕਿ ਬਿਹਾਰ ਦੇ ਮਜ਼ਦੂਰ ਜਦੋਂ ਪੰਜਾਬ ਦੇ ਪਿੰਡਾ ਵਿਚ ਮਜ਼ਦੂਰੀ ਕਰਨ ਜਾਂਦੇ ਹਨ। ਤਾਂ ਬੜੀ ਥਾਂ ਉਹਨਾਂ ਕੋਲੋਂ ਬਹੁਤਾ ਕੰਮ ਲੈਣ ਲਈ ਉਹਨਾਂ ਨੂੰ ਚਾਹ ਵਿਚ ਅਫੀਮ ਦਿੱਤੀ ਜਾਂਦੀ ਹੈ। ਮੈਂ ਜਦੋਂ ਹੋਰ ਵਿਸਥਾਰ

ਨਾਲ ਉਸ ਵਿਦਿਆਰਥੀ ਨਾਲ ਗਲਬਾਤ ਕੀਤੀ ਤੇ ਉਹਨੇ ਦਸਿਆ ਕਿ ਉਹਦੇ ਪਿੰਡ ਦੇ ਦੋ ਮਜ਼ਦੂਰ ਜੋ ਪੰਜਾਬ ਵਿਚ ਤਿੰਨ ਚਾਰ ਸਾਲ ਕੰਮ ਕਰਨ ਜਾਂਦੇ ਰਹੇ ਹਨ, ਹੁਣ ਅਫ਼ੀਮ ਦੀ ਇਸ ਤਰ੍ਹਾਂ ਵਰਤੋਂ ਕਰਕੇ ਬਿਲਕੁਲ ਨਾਕਾਰਾ ਹੋ ਗਏ ਹਨ ਤੇ ਇਕ ਤਾਂ ਹੁਣ ਮਰਨ ਕਿਨਾਰੇ ਹੈ । ਇਸ ਵਿਸ਼ੇ ਤੇ ਵਰਕਸ਼ਾਪ ਵਿਚ ਨੁੱਕੜ ਨਾਟਕ ਲਿਖਿਆ ਵੀ ਗਿਆ ਤੇ ਮੈਂ ਇਹਦੀ ਵਿਆਖਿਆ ਦੇ ਭਾਗ ਵਿਚ ਸੂਤਰਧਾਰ ਦੇ ਮੂੰਹੋਂ ਇਹ ਵੀ ਵਾਰਤਾਲਾਪ ਪੁਖ਼ਵ ਈ ਕਿ ਇਹ ਕਾਰਵਾਈ ਲੁੱਟ ਆਧਾਰਤ ਸਮਾਜ ਦੇ ਵਰਤਾਰੇ ਦਾ ਇਕ ਭਾਗ ਹੈ । ਅਫ਼ੀਮ ਦੀ ਆਦਤ ਸਿਰਫ਼ ਵਿਹਾਰੀ ਮਜ਼ਦੂਰਾਂ ਨੂੰ ਨਹੀਂ ਲਗਾਈ ਜਾਂਦੀ, ਇਹ ਪੰਜਾਬੀ ਮਜ਼ਦੂਰਾਂ ਨੂੰ ਵੀ ਉਹਨਾਂ ਕੋਲੋਂ ਬਹੁਤਾ ਕੰਮ ਲੈਣ ਲਈ ਲਗਾਈ ਜਾਂਦੀ ਹੈ । ਪੰਜਾਬ ਦੇ ਬਾਰੇ ਬਿਹਾਰ ਦੇ ਪਿੰਡਾਂ ਵਿਚ ਇਹ ਪ੍ਰਭਾਵ ਬਣਨਾ ਕਿ ਪੰਜਾਬੀ ਇਕ ਲੁੱਟ ਕਰਨ ਵਾਲੀ ਜਮਾਤ ਦੀ ਹੈਸੀਅਤ ਰਖਦੇ ਹਨ, ਫ਼ਿਕਰ ਵਾਲੀ ਗੱਲ ਜ਼ਰੂਰ ਹੈ।

## ਸੰਖੇਪ ਟਿਪਣੀ

O ਰਾਜੀਵ ਗਾਂਧੀ ਨੇ ਹੁਣ ਇਹ ਪੁਜੀਸ਼ਨ ਖੁਲ੍ਹੇ ਤੌਰ ਤੇ ਲੈ ਲਈ ਹੈ ਕਿ ਉਹ ਤੇ ਸਿਰਫ਼ ਉਹ ਹੀ ਭਾਰਤ ਦੀ ਹੋਣੀ ਦਾ ਮਾਲਕ ਹੈ। ਇਹ ਉਸਨੇ ਹੀ ਫ਼ੈਸਲਾ ਕਰਨਾ ਹੈ ਕਿ ਦੇਸ਼ ਭਗਤ ਕੌਣ ਹੈ ਤੇ ਦੇਸ਼ ਧਰੋਹੀ ਕੌਣ ਹੈ । ਇਸ ਜਿਹਨੀਅਤ ਨਾਲ ਪਹਿਲੇ ਅਮਲ ਕਾਂਗਰਸ ਪਾਰਟੀ ਵਿਚ ਸ਼ੁਰੂ ਕੀਤਾ । ਕੇਂਦਰੀ ਵਜ਼ਾਰਤ ਵਿਚ ਆਏ ਦਿਨ ਤਬਦੀਲੀਆਂ ਕੀਤੀਆਂ । ਮਰਜ਼ੀ ਨਾਲ ਵਜ਼ੀਰ ਬਣਾਏ, ਮਰਜ਼ੀ ਨਾਲ ਵਜ਼ੀਰ ਹਟਾਏ । ਹੁਣ ਇਹ ਅਮਲ ਉਹ ਵੱਖ ਵੱਖ ਸੂਬਿਆਂ ਵਿਚ ਗ਼ੈਰ-ਕਾਂਗਰਸੀ ਵਜ਼ਾਰਤਾਂ ਉਤੇ ਵੀ ਲਾਗੂ ਕਰਨਾ ਚਾਹੁੰਦਾ ਹੈ। ਜਿਹੜੀ ਵੀ ਵਜ਼ਾਰਤ ਉਹਦਾ ਹੁਕਮ ਨਹੀਂ ਮੰਨੇਗੀ ਉਹ ਦੇਸ਼ ਧਰੋਹੀ ਕਰਾਰ ਦਿਤੀ ਜਾਏਗੀ ਅਤੇ ਬਰਖ਼ਾਸਤ ਕੀਤੀ ਜਾਏਗੀ । ਉਥੇ ਰਾਅ ਅਤੇ ਰੇਬੇਰੋ ਭੇਜ ਦਿਤੇ ਜਾਣਗੇ । ਰਾਜੀਵ ਗਾਂਧੀ ਨੂੰ ਸਿਰਫ਼ ਛੋਕਰਾ ਸਮੱਝਣ ਵਾਲੇ ਖ਼ਬਰਦਾਰ ਹੋ ਜਾਣ । ਉਹ ਹੁਣ ਛੋਕਰਾ ਨਹੀਂ ਰਿਹਾ । ਸਿਆਣਿਆਂ ਵਾਂਗ ਉਹਦੇ ਗੰਜ ਪੈ ਗਿਆ ਹੈ ਜੇ ਕਿਸੇ ਨੂੰ ਸ਼ੱਕ ਹੈ ਤਾਂ ਉਹ ਟੀ. ਵੀ. ਵਿਚ ਦਿਹਾੜੀ ਵਿਚ ਘੱਟ ਤੋਂ ਘੱਟ ਤਿੰਨ ਵਾਰੀ ਉਹਦੀ ਤਸਵੀਰ ਤੋਂ ਉਹਦੇ ਸਿਰ ਦੀ ਕੈਫ਼ੀਅਤ ਦੇਖ ਸਕਦਾ ਹੈ । O

## ਪ੍ਰਦੇਸ ਤੋਂ ਇਕ ਰੀਪੋਰਟ

ਪੰਜਾਬੀ ਲਿਟਰੇਰੀ ਅਸੋਸੀਏਸ਼ਨ ਆਫ ਐਡਮਿੰਟਨ ਵਲੋਂ 22 ਨਵੰਬਰ 1987 ਨੂੰ 16 ਨਵੰਬਰ 1915 ਨੂੰ ਲਾਹੌਰ ਸਾਜ਼ਿਸ਼ ਕੇਸ ਵਿਚ ਫਾਂਸੀ ਲਟਕਣ ਵਾਲੇ ਸੱਤ ਦੇਸ਼ ਭਗਤਾਂ ਦੀ 72 ਵੀਂ ਬਰਸੀ ਸਮੇਂ ਅਮਰ ਸ਼ਹੀਦਾਂ ਸ਼ਰਧਾਂਜਲੀ ਭੇਂਟ ਕੀਤੀ ਗਈ । ਪ੍ਰੋਗਰਾਮ ਵਿਚ ਪੰਜਾਬੀ ਦੇ ਅਗਾਂਹ ਵਧੂ ਲੋਕ ਪੱਖੀ ਲੇਖਕਾਂ ਦੇ ਲਿਖੇ ਗੀਤ, ਕਵਿਤਾਵਾਂ, ਸਮੂਹਗਾਣ ਕਵੀਸਰੀ ਅਤੇ ਦੋ ਤਕਰੀਰਾਂ ਸਥਾਨਕ ਸਾਥੀਆਂ ਵਲੋਂ ਪੇਸ਼ ਕੀਤੀਆਂ ਗਈਆਂ । ਨੌ ਕਲਾਕਾਰਾਂ ਵਲੋਂ ਚਾਰ ਸਮੂਹਗੀਤ ਗਾਏ ਗਏ ਜਿਨ੍ਹਾਂ ਵਿਚ ਦੋ ਭੈਣਾਂ ਨੇ ਵੀ ਭਾਗ ਲਿਆ । ਇਹਨਾ ਗੀਤਾਂ 'ਚੋਂ ਕੁਝ ਬੋਲ ਇੰਝ ਸਨ :

ਨਾ ਕੋਈ ਅਲਾ ਸੇਵਾਂ ਸੂਰਿਆ ਨਾ ਕੋਈ ਰੱਬ ਧਿਆਂ
ਤੇਰੀ ਵਾਰਤਾ ਛੁਹਾਂ ਸ਼ਹੀਦਾਂ ਲੈ ਕੇ ਤੇਰਾ ਨਾਂ

... ... ... ...

ਜ਼ਬਰ ਜ਼ੰਜੀਰਾਂ ਤੋੜਨ ਉਠੇ ਹਰ ਯੁਗ ਗਦਰੀ ਬਾਬੇ ਵੇ
ਧਰਤੀ ਦੀ ਕੁੱਖ ਜੰਮਦੀ ਰਹਿੰਦੀ ਊਧਮ ਭਗਤ ਸਰਾਭੇ ਵੇ

... ... ... ...

ਹਿੰਦੂ ਸਿੱਖ ਮੁਸਲਮਾਂ ਸਾਰੇ ਇਕੋ ਕੌਮ ਅਸਾਡੀ ਹੈ
ਇਹ ਬਦਮਾਸ਼ ਚਲਾਕ ਫਰੰਗੀ ਸਭ ਨੂੰ ਕੀਤਾ ਫਾਡੀ ਹੈ
ਆਪੋ ਵਿਚ ਇਤਫ਼ਾਕ ਨਾ ਕੀਤਾ ਵੱਡੀ ਭੁਲ ਅਸਾਡੀ ਹੈ
ਆਵੋ ਕੱਠੇ ਹੋ ਕੇ ਰਲੀਏ ਵੇਲਾ ਹੈ ਰਲ ਜਾਵਣ ਦਾ ।
(ਗਦਰ ਦੀ ਗੂੰਜ ਚੋਂ)

... ... ... ...

ਬੱਸਾਂ ਵਿਚੋਂ ਕੱਢ ਮੁਸਾਫ਼ਰ ਸੰਗ ਗੋਲੀਆਂ ਰਾੜ੍ਹੇ ਗਏ
ਮੋਨੇ ਸਨ ਜਾਂ ਪੱਗਾਂ ਵਾਲੇ ਆਖਰ ਲੋਕ ਹੀ ਮਾਰੇ ਗਏ ।

... ... ... ...

ਇਕ ਤਕਰੀਰ ਵਿਚ ਇਕ ਸਾਥੀ ਨੇ ਪੰਜਾਬੀ ਲਿਟਰੇਰੀ ਅਸੋਸੀਏਸ਼ਨ ਦੀ ਹੋਂਦ, ਵਿਕਾਸ ਅਤੇ ਇਸ ਜਥੇਬੰਦੀ ਦੇ ਉਦੇਸ਼ਾਂ ਅਤੇ ਕੀਤੇ ਜਾਂਦੇ ਕੰਮਾਂ ਬਾਰੇ ਚਾਨਣਾ ਪਾਉਂਦੇ ਹੋਏ ਦਸਿਆ ਕਿ ਕਿਵੇਂ ਹਿੰਦੁਸਤਾਨ ਤੋਂ ਵਿਕਾਊ ਕਲਾਕਾਰ ਪੰਜਾਬੀ ਸਭਿਆਚਾਰ ਦੀਆਂ ਵਧੀਆ ਰਵਾਇਤਾਂ ਨੂੰ ਕਲੰਕ ਕਰਦੇ ਹਨ ਤੇ ਆਪਣੇ ਸੁਆਰਥ ਲਈ ਅਤਿ ਦਾ ਅਸ਼ਲੀਲ ਪ੍ਰੋਗਰਾਮ ਲੋਕਾਂ ਸਾਹਮਣੇ ਰੱਖਦੇ ਹਨ । ਇਸ ਦੇ ਉਲਟ 1977 ਵਿਚ ਹੋਂਦ ਵਿਚ ਆਈ ਇਸ ਜਥੇਬੰਦੀ ਦਾ ਨਿਸ਼ਾਨਾ ਹਿੰਦੁਸਤਾਨੀ ਭਾਈਚਾਰੇ ਨੂੰ ਉਹਨਾਂ ਦੀਆਂ ਦੇਸ਼ ਪ੍ਰਦੇਸ਼ ਵਿਚ ਆਉਂਦੀਆਂ ਸਮੱਸਿਆਵਾਂ ਬਾਰੇ ਜਾਗਰਿਤ ਕਰਦੇ ਹੋਏ ਇਕ ਸਿਹਤ ਮੰਦ ਅਤੇ ਨਿੱਗਰ ਸਾਹਿਤ ਸਭਿਆਚਾਰ

ਪ੍ਰਦਾਨ ਕਰਨਾ ਹੈ।

ਦੂਜੀ ਤਕਰੀਰ ਵਿਚ ਇਕ ਹੋਰ ਸਾਥੀ ਨੇ ਗਦਰ ਲਹਿਰ ਨਾਲ ਸੰਬੰਧਤ ਸ਼ਹੀਦਾਂ ਦੀ ਜਦੋ ਜ਼ਹਿਦ ਬਾਰੇ ਲੋਕਾਂ ਨੂੰ ਚਾਨਣਾ ਪਾਇਆ ਤੇ ਕਿਹਾ ਕਿ 1914-15 ਦੇ ਦੌਰਾਨ ਜਦੋਂ ਕਿ ਪ੍ਰਦੇਸਾਂ ਵਿਚ ਰਹਿੰਦੇ ਹਿੰਦੁਸਤਾਨੀਆਂ ਦੇ ਹਾਲਾਤ ਬਹੁਤ ਅਣਸੁਖਾਵੇਂ ਸਨ ਦੇਸ਼ ਭਗਤਾਂ ਨੇ ਬੜੀਆਂ ਮੁਸ਼ਕਲਾਂ ਵਿਚੋਂ ਦੀ ਲੰਘਦਿਆਂ ਹੋਇਆਂ ਕੁਰਬਾਨੀਆਂ ਦਿਤੀਆਂ। ਅੱਜ ਜਦੋਂ ਕਿ ਅਸੀਂ ਚੰਗਾ ਖਾਂਦੇ ਪੀਂਦੇ/ਕਮਾਉਂਦੇ ਹਾਂ ਤਾਂ ਸਾਨੂੰ ਵੀ ਹਿੰਦੁਸਤਾਨ ਦੀਆਂ ਮੌਜੂਦਾਂ ਸਮੱਸਿਆਵਾਂ (ਹਕੂਮਤੀ ਜਬਰ, ਫਿਰਕਾ ਪ੍ਰਸਤੀ, ਲੁਟ-ਖਸੁੱਟ, ਭੁੱਖ-ਮਰੀ, ਸਮਗਲਿੰਗ, ਕੁਨਬਾ ਪ੍ਰਵਰੀ, ਬੇਰੁਜ਼ਗਾਰੀ, ਗਰੀਬੀ) ਵਿਰੁੱਧ ਚਲ ਰਹੇ ਸੰਘਰਸ਼ ਵਿਚ ਹਿਸਾ ਪਾਉਣਾ ਚਾਹੀਦਾ ਹੈ। ਉਹਨੇ ਦਸਿਆ ਕਿ ਗਦਰ ਲਹਿਰ ਨਾਲ ਸੰਬੰਧਤ ਸਾਰੇ ਕਾਰਕੁਨਾਂ ਦਾ ਦ੍ਰਿਸ਼ਟੀਕੋਣ ਕਿੰਨਾ ਇਨਸਾਨੀਅਤ, ਗੈਰ ਫਿਰਕੂ ਅਤੇ ਹਿੰਦੁਸਤਾਨੀਅਤ ਪੱਖੀ ਸੀ।

ਅੱਠ ਨਵੰਬਰ 1986 ਨੂੰ ਸਦੀਵੀ ਵਿਛੋੜਾ ਦੇ ਗਏ ਲੋਕ ਕਵੀ ਸੰਤ ਰਾਮ ਉਦਾਸੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਉਹਨੇ ਦਸਿਆ ਕਿ ਕਿਵੇਂ ਸਦਾ ਹੀ ਲੋਕ ਦੁਸ਼ਮਣ ਸਰਕਾਰਾਂ ਲੋਕ ਹਿਤੈਸ਼ੀ ਲਿਖਾਰੀਆਂ ਨੂੰ ਆਪਣੇ ਚੁੰਗਲ ਵਿਚ ਫਸਾਉਣ ਦੀਆਂ ਕੋਸਿਸ਼ਾਂ ਕਰਦੀਆਂ ਰਹਿੰਦੀਆਂ ਹਨ। ਭਾਵੇਂ ਕਿ ਉਦਾਸੀ ਦੇ ਅਖੀਰਲੇ ਦਿਨਾਂ ਬਾਰੇ ਵੀ ਕਈ ਤਰ੍ਹਾਂ ਦੇ ਸ਼ੰਕੇ ਹਨ ਪਰ ਫਿਰ ਵੀ ਬੁਲਾਰੇ ਨੇ ਉਦਾਸੀ ਦੀ ਹਾਂ ਪੱਖੀ ਦੇਣ ਤੇ ਜ਼ੋਰ ਦਿੰਦਿਆਂ ਕਿਹਾ ਕਿ ਉਸਦੀਆਂ ਲੋਕ ਮੁਕਤੀ ਸੰਗਰਾਮ ਲਈ ਜੂਝਦੇ ਲੋਕਾਂ ਲਈ ਲਿਖੀਆਂ ਪੰਜ ਕਾਵਿ ਪੁਸਤਕਾਂ (ਲਹੂ ਭਿਜੇ ਬੋਲ, ਸੈਨਤਾਂ, ਚੌਨੁੱਕਰੀਆਂ ਸੀਖਾਂ, ਲਹੂ ਤੋਂ ਲੋਹੇ ਤੱਕ, ਕੰਮੀਆਂ ਦਾ ਵਿਹੜਾ) ਦੀ ਮਹੱਤਤਾ ਨੂੰ ਕਦੀ ਵੀ ਘਟਾ ਕੇ ਨਹੀਂ ਦੇਖਿਆ ਜਾ ਸਕਦਾ।

ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਵਜੋਂ ਕਰਤਾਰ ਸਿੰਘ ਸਰਾਭਾ ਦੀ ਹੀ ਅਖੀਰਲੇ ਦਿਨੀਂ ਜੇਲ੍ਹ 'ਚੋਂ ਲਿਖੀ ਮਹਾਨ ਰਚਨਾ ਹਿੰਦ ਵਾਸੀਓ ਰੱਖਣਾ ਯਾਦ ਸਾਨੂੰ ਕਿਤੇ ਦਿਲਾਂ 'ਚੋਂ ਨਹੀਂ ਭੁਲ ਜਾਣਾ, ਖ਼ਾਤਰ ਵਤਨ ਦੀ ਲਗੇ ਹਾਂ ਚੜ੍ਹਨ ਫਾਂਸੀ ਸਾਨੂੰ ਦੇਖਕੇ ਨਹੀਂ ਘਬਰਾ ਜਾਣਾ, ਨਾਲ ਸਮਾਗਮ ਸਮਾਪਤ ਕੀਤਾ ਗਿਆ।

ਅੱਜ ਜਦੋਂ ਕਿ ਪੰਜਾਬ ਵਿਚ ਫਿਰਕਾ ਪ੍ਰਸਤੀ ਇਕ ਖਤਰਨਾਕ ਪੜਾਅ ਤੇ ਪੁੱਜ ਗਈ ਹੈ–ਇਕ ਪਾਸੇ ਵਿਸ਼ਵ ਹਿੰਦੂ ਸੰਮੇਲਨ ਇਹ ਮੰਗ ਕਰ ਰਿਹਾ ਹੈ ਕਿ ਭਾਰਤ ਨੂੰ ਇਕ ਹਿੰਦੂ ਰਾਜ ਘੋਸ਼ਿਤ ਕਰ ਦਿਤਾ ਜਾਂਵੇ ਦੂਜੇ ਪਾਸੇ ਸਿੱਖ ਮੂਲਵਾਦੀ ਸ਼ਕਤੀਆਂ ਆਪਣਾ ਵੱਖਰਾ ਰਾਜ ਸਥਾਪਤ ਕਰਨ ਦੇ ਹੋਕੇ ਦੇ ਰਹੀਆਂ ਹਨ। ਨਾਲ ਦੀ ਨਾਲ ਜਮਾਤੇ ਇਸਲਾਮੀ ਵੀ ਇਕ ਅਜ਼ਾਦ ਧਾਰਮਿਕ ਰਾਜ ਦੀ ਮੰਗ ਕਰ ਰਹੀ ਹੈ ਤੇ ਜਦੋਂ ਅਜਿਹੇ ਸੰਕਟ ਭਰੇ ਸਮੇਂ ਲੋਕਾਂ ਨੂੰ ਗੁਮਰਾਹ ਕਰਨ ਵਾਲੀਆਂ ਗੈਰ ਜਮਹੂਰੀ ਤਾਕਤਾਂ ਪੰਜਾਬ ਦੇ ਮਹੌਲ ਨੂੰ ਗਲਤ ਰਾਹ ਤੇ ਲਿਜਾਣ ਵਿਚ ਲੱਗੀਆ ਹੋਈਆਂ ਹਨ ਤਾਂ ਕਿ ਸਾਡੀ ਇਹ ਜਥੇਬੰਦੀ ਸਾਮਰਾਜਵਾਦ, ਕੌਮੀ ਸਰਮਾਏਦਾਰੀ ਤੇ ਧਾਰਮਿਕ ਮੂਲਵਾਦੀਆਂ, ਜਿਹੜੇ ਕਿ ਇਕੱਲੇ ਹਿੰਦੁਸਤਾਨ ਵਿਚ ਹੀ ਨਹੀਂ ਸਗੋਂ ਦੁਨੀਆਂ ਭਰ ਵਿਚ ਹੀ ਇਤਿਹਾਸ ਦਾ ਪਹੀਆ ਪਿਛੇ ਮੋੜਨ ਲਈ ਤੱਤਪਰ ਹਨ, ਦੀਆਂ ਕੋਝੀਆਂ ਚਾਲਾਂ ਨੂੰ ਸਮੇਂ ਸਮੇਂ ਆਪਣੇ ਲੋਕਾਂ ਵਿਚ ਨੰਗਿਆਂ ਕਰਦੀ ਰਹੀ ਹੈ ਪੰਜਾਬ ਵਿਚ ਏਨੇ ਵਿਗੜ ਚੁੱਕੇ ਹਾਲਾਤਾਂ ਲਈ ਸਭ ਤੋਂ ਵੱਧ ਜ਼ੁੰਮੇਂਵਾਰ ਅਸੀਂ ਹਿੰਦੁਸਤਾਨ ਦੀ ਕੇਂਦਰੀ ਸਰਕਾਰ ਨੂੰ ਠਹਿਰਾਉਂਦੇ ਹਾਂ ਜੋ ਕਿ ਪੂਰੀ ਬੇਈਮਾਨੀ ਨਾਲ ਕਿਸੇ ਕਿਸਮ ਦਾ ਰਾਜਨੀਤਕ ਹਲ ਲੱਭਣ ਦੀ ਬਜਾਏ ਹਕੂਮਤੀ ਜ਼ਬਰ ਰਾਹੀਂ ਹਾਲਾਤਾਂ ਨੂੰ ਹੋਰ ਵੀ ਵਿਗਾੜਨ ਵਿਚ ਲੱਗੀ ਹੋਈ ਹੈ। ਕਨੇਡਾ ਵਿਚਲੀ ਹਿੰਦੁਸਤਾਨੀ ਕਮਿਊਨਿਟੀ ਕਿਉਂਕਿ ਭਾਵਕ ਤੌਰ ਤੇ ਹਿੰਦੁਸਤਾਨੀ ਨਾਲ ਜੁੜੀ ਹੋਈ ਹੈ ਇਸ ਕਰਕੇ ਹਿੰਦੁਸਤਾਨੀ ਹਕੂਮਤ ਦੀਆਂ ਪਾੜੋ ਅਤੇ ਰਾਜ ਕਰੋ ਦੀ ਨੀਤੀ ਨਾਲ ਸੰਬੰਧਤ ਫਿਰਕਾ ਪ੍ਰਸਤ ਚਾਲਾਂ ਦਾ ਅਸਰ ਇਥੇ ਵੀ ਹੋਇਆਂ ਹੈ ਜਿਨ੍ਹਾਂ ਸਦਕਾਂ ਨਾ ਕੇਵਲ ਇਹ ਕਮਿਊਨਿਟੀ ਖਖੜੀਆਂ ਕਰੇਲੇ ਹੀ ਹੋਈ ਹੈ ਸਗੋਂ ਸਮੁਚੇ ਕਨੇਡੀਅਨ ਭਾਈਚਾਰੇ ਵਿਚ ਬਦਨਾਮ ਵੀ ਹੋਈ ਹੈ। ਅਜਿਹੇ ਖਿਚਾਅ ਭਰੇ ਹਾਲਾਤ ਵਿਚ ਪੰਜਾਬੀ ਕਮਿਊਨਿਸਟੀ ਨੂੰ ਫਿਰਕਾ ਪ੍ਰਸਤੀ ਤੋਂ ਉਪਰ ਉਠਣ ਦਾ ਸੁਨੇਹਾ ਦੇਣ ਵਾਲਾ ਅਤੇ ਉੱਤਰੀ ਅਮਰੀਕਾ ਵਿਚ ਹਿੰਦੁਸਤਾਨੀ ਦੇਸ਼ ਭਗਤੀ ਅਤੇ ਸ਼ਾਨਦਾਨ ਗਦਰੀ ਰਵਾਇਤਾਂ ਨਾਲ ਜੁੜਨ ਦਾ ਸੁਨੇਹਾ ਦੇਣ ਵਾਲਾ ਇਹ ਸਭਿਆਚਾਰਕ ਪ੍ਰੋਗਰਾਮ ਇਕ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਕੇਵਲ ਤਿੰਨ ਦਿਨਾਂ ਦੀ ਹੀ ਤਿਆਰੀ ਨਾਲ ਇਹ ਪ੍ਰੋਗਰਾਮ ਕਾਫ਼ੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਜਿਸ ਵਿਚ ਕਿ ਬਹੁਤੇ ਸਾਥੀਆਂ ਦਾ ਸਟੇਜ ਤੇ ਆਉਣ ਦਾ ਇਹ ਪਹਿਲਾ ਮੌਕਾ ਸੀ। ਕੁਝ ਗੀਤਾਂ ਵਿਚ ਸੰਗੀਤ ਦੀ ਵਰਤੋਂ ਵੀ ਕੀਤੀ ਗਈ ਜੋ ਕਿ ਬਹੁਤ ਅਸਰਦਾਇਕ ਰਹੀ। ਸਾਡੀ ਜਥੇਬੰਦੀ ਆਪਣੇ ਲੋਕਾਂ ਨੂੰ ਅਜਿਹੇ ਵੱਧ ਤੋਂ ਵੱਧ ਪ੍ਰੋਗਰਾਮ ਦੇਣ ਲਈ ਹਮੇਸ਼ਾ ਯਤਨਸ਼ੀਲ ਰਹੇਗੀ।

0

# ਪੰਜਾਬ ਅੰਦਰ ਸਿੱਖ ਅਤਿਵਾਦੀ ਲਹਿਰ ਪ੍ਰਤੀ, ਕਮਿਊਨਿਸਟਾਂ ਦਾ ਦਰੁਸਤ-ਨਜ਼ਰੀਆ ਕੀ ਹੋਵੇ ?

/ਪ੍ਰੋ: ਰਨਧੀਰ ਸਿੰਘ

ਮੁਲਕ ਅੰਦਰ ਵਧ ਰਹੇ ਆਰਥਿਕ ਸੰਕਟ ਕਾਰਨ ਜਨਤਕ ਬੇਚੈਨੀ ਵਧ ਰਹੀ ਹੈ। ਇਨਕਲਾਬੀ ਸਿਆਸਤ ਦੇ ਕਮਜ਼ੋਰ ਹੋਣ ਕਰਕੇ ਇਹ ਬੇਚੈਨੀ ਗਲਤ ਮੁਦਿਆਂ ਤੇ ਭੜਕਾਊ ਲਹਿਰਾਂ ਦੇ ਰੂਪ ਵਿਚ ਪ੍ਰਗਟ ਹੋ ਰਹੀ ਹੈ। ਫ਼ਿਰਕਾਪਰਸਤੀ, ਜ਼ਾਤ ਪਾਤੀ ਇਲਕਾਈ ਤੇ ਕੌਮ ਦਰਜੇ ਦੇ ਮੁੱਦਿਆਂ ਵਾਲੇ ਕੂੜੇ ਅਜੇਹੇ ਝਗੜੇ ਇਸੇ ਦਿਸ਼ਾਹੀਨਤਾ ਦਾ ਪ੍ਰਗਟਾਵਾ ਹਨ। ਲੋਕਾਂ ਦੀਆਂ ਸਮੱਸਿਆਵਾਂ ਦਾ ਕੋਈ ਸਾਰਥਕ ਹੱਲ ਦੇਣ ਵਿਚ ਅਸਮਰਥ ਭਾਰਤੀ ਹਾਕਮ ਇਹਨਾਂ ਲਹਿਰਾਂ ਮੁੱਦਿਆਂ ਨੂੰ ਆਪਣੇ ਲੁਟੇਰੇ ਜਾਬਰ ਪ੍ਰਬੰਧ ਤੇ ਜਮਾਤੀ ਸਿਆਸੀ ਹਿੱਤਾਂ ਦੀ ਰਾਖੀ ਤੇ ਵਧਾਰੇ ਲਈ ਵਰਤਦੇ ਹਨ। ਲੋਕਾਂ ਦੀ ਹਕੀਕੀ ਜੱਦੋ ਜਹਿਦ ਨੂੰ ਲੀਹੋਂ ਲਾਹੁਣ ਜਾਂ ਕਮਜ਼ੋਰ ਕਰਨ ਲਈ, ਅਨੇਕਾਂ ਵਾਰ, ਉਹ ਖੁਦ ਵੀ ਅਜੇਹੇ ਮਸਲੇ ਖੜੇ ਕਰਦੇ ਹਨ ਜਾਂ ਇੱਕ ਹੱਦ ਤੱਕ ਉਹਨਾਂ ਨੂੰ ਹਵਾ ਦਿੰਦੇ ਹਨ। ਇਸ ਸਾਰੇ ਕਾਸੇ ਦਾ ਕੁੱਲ ਨਤੀਜਾ ਲੋਕਾਂ ਦੀ ਏਕਤਾ ਤੇ ਉਹਨਾਂ ਦੇ ਸਾਂਝੇ ਸੰਘਰਸ਼ਾਂ ਦੇ ਕਮਜ਼ੋਰ ਹੋਣ ਵਿਚ ਨਿੱਕਲਦਾ ਹੈ, ਜੋ ਕਿ ਲੰਮੇ ਦਾਅ ਤੋਂ ਹਾਕਮ ਜਮਾਤਾਂ ਦੇ ਹਿੱਤਾਂ ਦੇ ਐਨ ਰਾਸ ਬੈਠਦਾ ਹੈ।

ਮੁਤਬਾਦਲ ਇਨਕਲਾਬੀ ਸਿਆਸਤ ਦੇ ਕਮਜ਼ੋਰ ਹੋਣ ਅਤੇ ਇਸਦੀ ਪਿੱਠ ਉਤੇ ਲੱਖਾਂ ਕਰੋੜਾਂ ਮਜ਼ਦੂਰਾਂ ਕਿਸਾਨਾਂ ਤੇ ਦਬੇ ਕੁਚਲੇ ਲੋਕਾਂ ਦਾ ਹੱਥ ਨਾ ਹੋਣ ਕਾਰਨ, ਭਾਰਤ ਦੀ ਕਮਿਊਨਿਸਟ ਲਹਿਰ ਅੱਜ ਭੰਬਲ ਭੂਸਿਆਂ ਦਾ 'ਏਕਤਾ ਤੇ ਅਖੰਡਤਾ' ਦੀ ਧੁੱਸ ਹੇਠ ਹਾਕਮ ਜਮਾਤਾਂ ਦੇ ਹਿਤ ਪੂਰ ਰਿਹਾ ਹੈ, ਤਾਂ ਦੂਜਾ ਹਿੱਸਾ ਸੌੜੇ ਕੌਮਵਾਦ ਦਾ ਸ਼ਿਕਾਰ ਹੋ ਕੇ ਪਿਛਾਖੜੀ ਧਾਰਮਕ ਕੱਟੜ ਪੰਜੀਆਂ ਦੇ ਬਾਗੀ ਰੱਥ ਵਿਚ ਸਵਾਰ ਹੋਈ ਬੈਠਾ ਹੈ। ਇਹ ਦੋਹੇ ਕੁਰਾਹੇ ਹਕੀਕੀ ਕਮਿਊਨਿਸਟ ਲਹਿਰ ਦਾ ਸੱਤਿਆਨਾਸ ਕਰ ਰਹੇ ਹਨ। ਹਕੀਕੀ ਕਮਿਊਨਿਸਟ ਲਹਿਰ ਦੀ ਉਸਾਰੀ ਲਈ, ਇਹਨਾਂ ਦੋਨਾਂ ਕੁਰਾਹਿਆਂ ਤੋਂ ਚੌਕਸੀ ਤੇ ਇਹਨਾਂ ਖਿਲਾਫ ਸਿਆਸੀ ਸਿੱਧਾਂਤਕ ਜੱਦੋ ਜਹਿਦ ਲਾਜ਼ਮੀ ਹੈ।

ਪ੍ਰਸਿਧ ਮਾਰਕਸਵਾਦੀ ਚਿੰਤਕ ਪ੍ਰੋ: ਰਨਧੀਰ ਸਿੰਘ ਵਲੋਂ ਲਿਖਿਆ ਹਥਲਾ ਲੇਖ ਅਸੀਂ ਇਸੇ ਮਨਸ਼ਾ ਨਾਲ ਛਾਪ ਰਹੇ ਹਾਂ। ਇਹ ਲੇਖ ਉਹਨਾਂ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਲਈ ਲਿਖਿਆ ਸੀ ਅਤੇ ਸੰਖੇਪ ਹੋਣ ਕਾਰਨ, ਖੁਦ ਪ੍ਰੋ: ਰਨਧੀਰ ਸਿੰਘ ਹੁਰਾਂ ਮੁਤਾਬਿਕ, ਇਸ ਦੀਆਂ ਕਈ ਸੀਮਤਾਈਆਂ ਹਨ। ਪਰ ਫੇਰ ਵੀ, ਮੌਜੂਦਾ ਸਿਆਸੀ ਪ੍ਰਸੰਗ ਵਿਚ ਇਸ ਲੇਖ ਦੀ ਆਪਣੀ ਮਹੱਤਤਾ ਹੈ। ਕਮਿਊਨਿਸਟ ਵਿਚਾਰ ਧਾਰਾ ਨਾਲ ਲਗਾਅ ਰੱਖਣ ਵਾਲੇ, ਸਾਰੇ ਵਿਅਕਤੀਆਂ ਨੂੰ ਅਸੀਂ ਇਹ ਲੇਖ ਪੜ੍ਹਨ ਤੇ ਇਸ ਨੂੰ ਬਹਿਸ ਅਧੀਨ ਲਿਆਉਣ ਦੀ ਮੰਗ ਕਰਦੇ ਹਾਂ। /ਸੰਪਾਦਕ

---

ਪੰਜਾਬ ਅੰਦਰ ਚੱਲ ਰਹੀ ਸਿੱਖ ਅਤਿਵਾਦੀ ਲਹਿਰ ਪ੍ਰਤੀ ਸਾਡਾ ਨਜ਼ਰੀਆ ਕੀ ਹੋਵੇ—ਇਕ ਕੇਂਦਰੀ ਸੁਆਲ ਨੂੰ ਮੁਖਾਤਿਬ ਹੋਣ ਤੋਂ ਪਹਿਲਾਂ, ਮੈਂ, ਪੰਜਾਬ ਦੀ ਮੌਜੂਦਾ ਹਾਲਤ ਬਾਰੇ ਆਪਣੀ ਸਮਝ ਦੀ ਸੰਖੇਪ ਵਿਆ-ਖਿਆ ਦੇਣੀ ਜ਼ਰੂਰੀ ਸਮਝਦਾ ਹਾਂ।

ਆਪ੍ਰੇਸ਼ਨ ਨੀਲਾ ਤਾਰਾ ਤੇ ਉਸਤੋਂ ਬਾਅਦ ਵਾਪਰੀਆਂ ਘਟਨਾਵਾਂ ਤੋਂ ਕਾਫੀ ਪਹਿਲਾਂ, 1984 ਦੇ ਸ਼ੁਰੂ ਵਿਚ, ਪੰਜਾਬ ਦੀ ਹਾਲਤ ਬਾਰੇ ਟਿੱਪਣੀ ਕਰਦਿਆਂ ਮੈਂ ਇਹ ਨਤੀਜਾ ਕੱਢਿਆ ਸੀ ਕਿ ਭਾਰਤੀ ਹਾਕਮ ਜਮਾਤਾਂ ਦੀ ਵੱਡੀ ਨੁਮਾਇੰਦਾ ਪਾਰਟੀ–ਕਾਂਗਰਸ, ਤੇ ਉਹਨਾਂ ਹੀ ਜਮਾਤਾਂ ਦੀ ਛੋਟੀ ਨੁਮਾਇੰਦਾ ਪਾਰਟੀ–ਅਕਾਲੀ ਦਲ, ਤੇ ਦੂਜੀਆਂ ਇਹੋ ਜਿਹੀਆਂ ਪਾਰਟੀਆਂ, ਰਲਕੇ ਸਿੱਖਾਂ, ਪੰਜਾਬੀਆਂ (ਸਮੇਤ ਹਿੰਦੂਆਂ), ਅਤੇ ਸਾਰੇ ਭਾਰਤੀ ਲੋਕਾਂ ਨੂੰ ਇਕ ਦੁਖਾਂਤ ਵੱਲ ਧੱਕ ਰਹੀਆਂ ਹਨ। ਇਹ ਦੁਖਾਂਤ ਵਾਪਰ ਚੁਕਿਆ ਹੈ ਅਤੇ ਉਪਰੰਤ ਸਮੇਂ ਵਿਚ ਇਹ ਹੋਰ ਗਹਿਰ ਗੰਭੀਰ ਹੀ ਹੋਇਆ ਹੈ।

ਇਸ ਤਰ੍ਹਾਂ, ਪੰਜਾਬ ਨੂੰ ਅੱਜ, ਕੇਵਲ ਇਕ ਸਮੱਸਿਆ ਵਜੋਂ ਨਹੀਂ, ਬਲਕਿ ਭਾਰਤੀ ਹਾਕਮ ਜਮਾਤਾਂ ਦੀ ਆਰਥਕਤਾ ਤੇ ਸਿਆਸਤ ਦੀ ਪੈਦਾਵਾਰ–ਇਕ ਦੁਖਾਂਤ ਵਜੋਂ ਲਿਆ ਜਾਣਾ ਚਾਹੀਦਾ ਹੈ। ਜ਼ਾਹਰਾ ਰੂਪ ਵਿਚ ਸਿਆਸੀ ਪੱਧਰ ਤੇ ਪ੍ਰਗਟ ਹੋਏ ਇਸ ਦੁਖਾਂਤ ਦਾ ਬਾਹਰਮੁਖੀ, ਆਰਥਕ ਆਧਾਰ, ਚਲੰਤ ਪੈਦਾਵਾਰੀ ਢੰਗ ਵਿਚ ਪਿਆ ਹੈ ਅਤੇ ਅਨੇਕਾਂ ਗੁੰਝਲਦਾਰ ਇਤਿ-ਹਾਸਕ ਵਰਤਾਰੇ ਇਸਦੇ ਵਾਪਰਨ ਦਾ ਕਾਰਨ ਬਣੇ ਹਨ। ਪਰ ਭਾਰਤੀ ਹਾਕਮ ਜਮਾਤਾਂ ਦੀ ਮੁੱਖ ਨੁਮਾਇੰਦਾ ਪਾਰਟੀ–ਕਾਂਗਰਸ ਤੇ ਕੇਂਦਰ ਵਿਚ ਉਸਦੀ ਸਰਕਾਰ ਇਸ ਦੁਖਾਂਤ ਲਈ ਸਭ ਤੋਂ ਵੱਧ ਜ਼ਿੰਮੇਂਵਾਰ ਹੈ। ਅਜੋਕੇ ਸਮੇਂ ਵਿਚ ਹਾਕਮ ਜਮਾਤਾਂ ਦੀ ਸਿਆਸਤ ਭਾਰਤੀ ਲੋਕਾਂ ਲਈ ਕਿੰਨੀ ਘਾਤਕ ਤੇ ਮਾਰੂ ਸਾਬਤ ਹੋ ਰਹੀ ਹੈ, ਪੰਜਾਬ ਇਸਦਾ ਸਭ ਤੋਂ ਵਧੀਆ (ਤੇ ਘਟੀਆ)

ਨਮੂਨਾ ਹੈ।

ਇਸ ਚੱਲ ਰਹੇ ਤੇ ਲਗਾਤਾਰ ਡੂੰਘੇ ਹੋ ਰਹੇ ਦੁਖਾਂਤ ਨੇ ਪੰਜਾਬ ਅੰਦਰ ਜੋ ਹਾਲਤ ਪੈਦਾ ਕਰ ਦਿਤੀ ਹੈ, ਉਸਦੇ ਹੇਠ ਲਿਖੇ ਪੱਖਾਂ/ਲੱਛਣਾਂ ਨੂੰ ਉਚੇਚੇ ਤੌਰ ਤੇ ਧਿਆਨ ਗੋਚਰੇ ਰੱਖਣਾ ਚਾਹੀਦਾ ਹੈ।

(1) ਇਸ ਹਾਲਤ ਦਾ ਸਭ ਤੋਂ ਮਹੱਤਵ ਪੂਰਨ ਪੱਖ, ਸਿੱਖ ਅਵਾਮ ਅਤੇ ਖਾਸ ਕਰਕੇ ਨੌਜਵਾਨ ਤਬਕੇ ਦੇ ਮਨਾਂ ਅੰਦਰ, ਮੁਲਕ ਦੇ ਹਾਕਮਾਂ ਤੋਂ ਲਗ ਭਗ ਮੁਕੰਮਲ ਅਲਿਹਦਗੀ ਵਾਲੀ ਭਾਵਨਾ ਦਾ ਪੈਦਾ ਹੋਣਾ ਹੈ। ਉਹਨਾਂ ਅੰਦਰ ਭਾਰੀ ਨਿਰਾਸ਼ਾ ਤੇ ਦਿਸ਼ਾਹੀਨਤਾ ਹੈ, ਜੋ ਕਿ ਪੁਰਾਣੀਆਂ ਗਲਤੀਆਂ ਦੇ ਜਾਰੀ ਰਹਿਣ, ਰਾਜੀਵ ਗਾਂਧੀ ਤੇ ਉਸਦੀ ਸਰਕਾਰ ਦੀਆਂ ਮੌਜੂਦਾ ਕੀਤੀਆਂ ਤੇ ਅਮਲਾਂ, ਜ਼ਾਬਰ ਸਰਕਾਰੀ ਮਸ਼ੀਨਰੀ ਦੀਆਂ ਭ੍ਰਿਸ਼ਟ ਤੇ ਇਕ ਤਰਫਾ ਕਾਰ ਕਰਦਗੀਆਂ, ਰੋਜ਼ ਮਰ੍ਹਾ ਜ਼ਿੰਦਗੀ ਵਿਚ ਹੰਢਾਉਂਣੇ ਪੈਂਦੇ ਤਿਰਸਕਾਰ ਤੇ ਠੋਕਰਾਂ ਅਤੇ ਪੰਜਾਬੋਂ ਬਾਹਰ ਮੁੜ ਕੇ ਵਾਪਰ ਰਹੇ ਮੰਡਵੇਂ ਹਮਲਿਆਂ ਆਦਿ ਕਾਰਨ ਹੋਰ ਵੀ ਜ਼ਿਆਦਾ ਵਧ ਰਹੀ ਹੈ। ਮਸ਼ਹੂਰ ਪੱਤਰਕਾਰ ਐਸ. ਮੂਲਗਾਉਂਕਰ ਨੇ ਇਸਨੂੰ ਸਿੱਖਾਂ ਖ਼ਿਲਾਫ ਅਪਰਾਧਾਂ ਤੇ ਜ਼ਿਆਦਤੀਆਂ ਦੇ ਤਿੰਨ ਸਾਲ ਕਿਹਾ ਹੈ।

(2) ਹਾਲਤ ਦਾ ਦੂਜਾ ਮਹੱਤਵ ਪੂਰਨ ਪੱਖ, ਪੰਜਾਬੀ ਕੌਮ ਦੇ ਲਗਾਤਾਰ ਚਲੇ ਆ ਰਹੇ ਵਿਗੜੇ ਹੋਏ ਰੂਪ ਦਾ ਹੈ। ਇਕ ਦੂਜੇ ਨੂੰ ਠੁੰਮਣਾ ਦੇਂਦੀ ਤੇ ਬਲ ਬਖਸ਼ਦੀ ਹਿੰਦੂ ਤੇ ਸਿੱਖ ਫਿਰਕਾ ਪਰਸਤੀ, ਸਰਕਾਰੀ ਨੀਤੀਆਂ ਤੇ ਅਮਲਾਂ ਅਤੇ ਖਾਸ ਤੌਰ ਤੇ ਅੱਤਵਾਦੀ ਅਨਸਰਾਂ ਵਲੋਂ ਕੀਤੇ ਜਾ ਰਹੇ ਚੋਣਵੇਂ ਫਿਰਕੂ ਕਤਲਾਂ ਕਾਰਨ, ਹਿੰਦੂਆਂ ਤੇ ਸਿੱਖਾਂ ਵਿਚਕਾਰ ਫਿਰਕੂ ਪਾੜਾ ਬਹੁਤ ਡੂੰਘਾ ਹੋ ਚੁੱਕਿਆ ਹੈ। ਪੰਜਾਬ ਦੇ ਹਿੰਦੂਆਂ ਦਾ ਵੱਡਾ ਹਿੱਸਾ, ਬੀਤੇ ਸਮੇਂ ਵਾਂਗ ਇਸ ਸੰਕਟ ਭਰੇ ਦੌਰ ਵਿਚ, ਅੱਜ ਵੀ, ਇਕ ਝੂਠੀ ਤੇ ਆਪਾ ਭਰਮਾਊ 'ਫਿਰਕੂ ਕੌਮਪ੍ਰਸਤੀ' ਦਾ ਸ਼ਿਕਾਰ ਹੋ ਕੇ, ਆਪਣੇ ਅਖੌਤੀ 'ਕੌਮੀ' ਹਿਤਾਂ ਦੀ ਪੂਰਤੀ ਲਈ, ਜਮਹੂਰੀ ਤੇ ਇਨਕਲਾਬੀ ਸ਼ਕਤੀਆਂ ਵਲ ਰੁਚਿਤ ਹੋਣ ਦੀ ਬਜਏ, ਵਿਸ਼ਾਲ ਹਿੰਦੂ ਵਸੋਂ ਤੇ ਭਾਰਤੀ ਰਾਜਸੱਤਾ ਵਲ ਹੀ ਝਾਕ ਰਿਹਾ ਹੈ।

(3) ਇਸ ਹਾਲਤ ਦਾ ਤੀਜਾ ਮਹੱਤਵ ਪੂਰਨ ਪਹਿਲੂ, ਪਾਰਟੀਆਂ, ਚੋਣਾਂ, ਸਰਕਾਰਾਂ ਦੇ ਬਣਨ/ਟੁੱਟਣ ਆਦਿ ਦੀ ਰਵਾਇਤੀ ਬੁਰਜੂਆ ਸਿਆਸਤ ਦਾ ਮੌਜੂਦਾ ਪ੍ਰਸੰਗ ਵਿਚ ਖੇਰੂੰ ਖੇਰੂੰ ਹੋਣਾ ਹੈ। ਪੁਰਾਣੀਆਂ ਸਿਆਸੀ ਹਸਤੀਆਂ ਮੈਦਾਨ ਵਿਚ ਤਾਂ ਹਨ, ਪਰ ਉਹਨਾਂ ਦਾ ਸਿਆਸੀ ਵਕਾਰ ਖਤਮ ਹੋ ਚੁੱਕਾ ਹੈ। ਉਹ ਚੰਡੀਗੜ੍ਹ, ਦਿੱਲੀ ਅਤੇ ਵੱਖ ਵੱਖ ਕਮੇਟੀਆਂ ਤੇ ਕੌਂਸਲਾਂ ਵਿਚ ਅਤੇ ਇਥੋਂ ਤੱਕ ਕਿ ਪੁਲਸ ਦੇ ਤਕੜੇ ਪ੍ਰਬੰਧਾਂ ਹੇਠ ਕੀਤੇ ਜਾ ਰਹੇ ਜਨਤਕ ਇਕੱਠਾਂ ਵਿਚ, ਲੋਕਾਂ ਨੂੰ ਅਤਿਵਾਦ ਵਿਰੁੱਧ ਬਹਾਦਰੀ ਨਾਲ ਲੜਨ ਦੀ ਹਲਾ ਸ਼ੇਰੀ ਦਿੰਦੇ ਵੀ ਦੇਖੇ ਜਾ ਸਕਦੇ ਹਨ। ਆਪਣੇ ਹੀ ਦੁਆਰਾ ਸਿਰਜੇ ਇਸ ਦੁਖਾਂਤੇ ਵਿਚ, ਸਿਆਸੀ ਤੌਰ ਤੇ ਉਹ, ਖੁਦ ਦੀਵਾਲੀਆਂ ਹੋ ਚੁੱਕੇ ਹਨ ਅਤੇ ਹੁਣ ਇਸਨੂੰ ਸਮੇਟਣ ਦੀ ਸਮਰਥਾ ਗੁਆ ਚੁੱਕੇ ਹਨ।

(4) ਪੰਜਾਬ ਦੀ ਮੌਜੂਦਾ ਹਾਲਤ ਦਾ ਚੌਥਾ ਤੇ ਸਭ ਤੋਂ ਅਖੀਰਲਾ ਮਹੱਤਵ ਪੂਰਨ ਪੱਖ ਦਹਿਸ਼ਤਵਾਦ ਦਾ ਹੈ। ਇਹ ਸਮੱਸਿਆ ਦਾ ਸਭ ਤੋਂ ਵੱਧ ਰੜਕਵਾਂ ਤੇ ਦ੍ਰਿਸ਼ਟੀਮਾਨ ਪੱਖ ਹੈ, ਪਰ ਹੈ ਕੇਵਲ ਇਕ ਪੱਖ ਹੀ, ਜਿਵੇਂ ਕਿ ਹੁਣ ਤੱਕ ਦੀ ਦਲੀਲਬਾਜ਼ੀ ਤੋਂ ਸਾਫ ਹੋ ਜਾਣਾ ਚਾਹੀਦਾ ਹੈ। ਇਹ ਅੱਤਿਵਾਦੀ ਹਿੰਸਾ ਤੇ ਰਾਜਕੀ ਹਿੰਸਾ ਦੀ ਸਾਂਝੀ ਪੈਦਾਵਾਰ ਹੈ। ਭਿੰਡਰਾਂਵਾਲੇ ਦੁਆਰਾ ਸ਼ੁਰੂ ਕੀਤੀ ਗਈ ਅਤਿਵਾਦੀ ਹਿੰਸਾ ਨੇ ਮੁਖ ਤਾਕਤ, ਭਾਰਤੀ ਫੌਜ ਵਲੋਂ ਆਪ੍ਰੇਸ਼ਨ ਨੀਲਾ ਤਾਰਾ ਤੋਂ ਬਾਅਦ ਪੰਜਾਬ ਦੇ ਪਿੰਡਾਂ ਤੇ ਕਸਬਿਆਂ ਵਿਚ ਕੀਤੇ ਆਪ੍ਰੇਸ਼ਨ ਵੁਡਰੋਜ਼ ਤੋਂ ਹਾਸਲ ਕੀਤੀ। ਪੰਜਾਬ ਵਿਚ ਅਤਿਵਾਦ ਦੇ ਚਾਲਕ ਤੇ ਪ੍ਰੇਰਣਾ ਸਰੋਤ ਅਨੇਕਾਂ ਹਨ ਅਤੇ ਇਸ ਪ੍ਰਕਿਰਿਆ ਦਾ ਇਕ ਵਿਲੱਖਣ ਅਮਲ ਤੇ ਆਪਣਾ ਹੀ ਤਰਕ ਹੈ। ਅਤਿਵਾਦ ਦੇ ਖਿਲਾਫ ਅਸਰਦਾਰ ਢੰਗ ਨਾਲ ਲੜਾਈ ਦੇਣ ਲਈ ਇਹ ਹਕੀਕਤ ਅਵੱਸ਼ ਤੌਰ ਤੇ ਨੋਟ ਵੀ ਕੀਤੀ ਜਾਣੀ ਚਾਹੀਦੀ ਹੈ। ਸਾਨੂੰ ਨਿਰਦੋਸ਼ ਲੋਕਾਂ ਤੇ ਸਿਆਸੀ ਵਿਰੋਧੀਆਂ ਦੇ ਕਤਲਾਂ ਦੀ ਬੇਕਿਰਕ ਨਿੰਦਾ ਤੇ ਵਿਰੋਧ ਕਰਨਾ ਚਾਹੀਦਾ ਹੈ, ਪਰ ਇਹ ਰਾਜ ਸੱਤਾ ਜਾਂ ਹਾਕਮ ਜਮਾਤਾਂ ਦੇ ਪੈਂਤੜੇ ਤੋਂ ਨਹੀਂ, ਬਲਕਿ ਆਪਣੇ ਪੈਂਤੜੇ ਤੋਂ ਕੀਤਾ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ, ਸਾਨੂੰ ਸਰਕਾਰੀ ਮਸ਼ੀਨਰੀ ਵਲੋਂ ਕੀਤੀ ਜਾ ਰਹੀ ਖੱਜਲ-ਖੁਆਰੀ, ਗ੍ਰਿਫ਼ਤਾਰੀਆਂ ਅਤੇ ਬੇਕਸੂਰ ਸਿੱਖ ਨੌਜਵਾਨਾਂ ਨੂੰ ਤਸੀਹੇ ਦੇਣ ਤੇ ਇਥੋਂ ਤੱਕ ਕਿ ਮਾਰ ਖਪਾਏ ਜਾਣ ਦੇ ਰੂਪ ਵਿਚ ਫੈਲਾਈ ਜਾ ਰਹੀ ਰਾਜਕੀ ਹਿੰਸਾ ਦਾ ਵੀ, ਮੁੜ ਆਪਣੇ ਪੈਂਤੜੇ ਤੋਂ ਪੂਰੀ ਬੇਕਿਰਕੀ ਨਾਲ ਵਿਰੋਧ ਕਰਨਾ ਚਾਹੀਦਾ ਹੈ। ਪੰਜਾਬ ਵਿਚ, ਸ਼ਹਿਰੀਆਂ ਦੀ ਜਾਨੋਮਾਲ ਦੀ ਰਾਖੀ ਕਰਨ ਵਿਚ ਬੁਰੀ ਤਰ੍ਹਾਂ ਨਾਕਾਮਯਾਬ ਰਹਿਣ ਉਪਰੰਤ, ਸਰਕਾਰ ਤੇ ਅਤਿਵਾਦ ਖਿਲਾਫ ਲੜਾਈ ਦੇਣ ਦੇ ਬਹਾਨੇ, ਸਾਰੇ ਲੋਕਰਾਜੀ ਅਧਿਕਾਰਾਂ ਦੇ ਖਾਤਮੇ ਵਾਲੀ ਹਾਲਤ ਪੈਦਾ ਕਰ ਰੱਖੀ ਹੈ। ਇਸਦੇ ਇਸ ਚਲੰਤ ਅਮਲ ਦੇ, ਪੰਜਾਬ ਦੇ ਹਿੰਦੂਆਂ ਤੇ ਸਿੱਖਾਂ-ਦੋਵਾਂ ਲਈ, ਦੂਰ ਰਸ ਮਾੜੇ ਨਤੀਜੇ ਨਿਕਲਣੇ ਲਾਜ਼ਮੀ ਹਨ।

ਕਿਉਂਕਿ ਹਾਕਮ ਜਮਾਤਾਂ ਦਾ ਇਹ ਅਮਲ ਸਿੱਖਾਂ ਵਿਚ ਧਾਰਮਿਕ ਪੁਰਾਤਨਤਾ ਤੇ ਅਤਿਵਾਦ ਦੀਆਂ ਪੈਰੋਕਾਰ ਸ਼ਕਤੀਆਂ ਦੇ ਹੱਥ ਹੀ ਮਜ਼ਬੂਤ ਨਹੀਂ ਕਰ ਰਿਹਾ, ਸਗੋਂ ਇਹਨਾਂ ਤਾਕਤਾਂ ਵਲੋਂ, ਪੰਜਾਬ ਦੇ ਸਮਾਜਿਕ ਤਾਣੇ ਬਾਣੇ ਤੇ ਸਾਂਝੇ ਪੰਜਾਬੀ ਸਭਿਆਚਾਰ ਨੂੰ ਤਬਾਹ ਕਰਨ ਲਈ ਕੀਤੇ ਜਾ ਰਹੇ ਕੁਕਰਮਾਂ ਵਿਚ ਵੀ ਹੱਥ ਵਟਾ ਰਿਹਾ ਹੈ।

ਇੱਥੇ ਮੈਂ ਇਹ ਸਪਸ਼ਟ ਕਰ ਦੇਣਾ ਲੋੜੀਂਦਾ ਸਮਝਦਾ ਹਾਂ ਕਿ ਮੂਲ ਰੂਪ ਵਿਚ, ਭਾਰਤੀ ਹਾਕਮ ਜਮਾਤਾਂ ਵਲੋਂ ਪੈਦਾ ਕੀਤੀ ਗਈ ਇਹ ਮੌਜੂਦਾ ਹਾਲਤ ਹੀ ਹੈ, ਜਿਸਨੂੰ ਵੱਖ ਵੱਖ ਸ਼ਾਮਰਾਜੀ ਤਾਕਤਾਂ, ਕੁਦਰਤੀ ਤੌਰ ਤੇ ਆਪਣੇ ਆਪਣੇ ਸੌੜੇ ਹਿੱਤਾਂ ਖਾਤਰ ਵਰਤਣ ਲਈ ਯਤਨਸ਼ੀਲ ਹਨ।

ਅਜੇਹੀ ਹਾਲਤ ਵਿਚ ਭਾਰਤੀ ਹਾਕਮ, ਜੇਕਰ ਤਾਕਤ ਦੀ ਵਰਤੋਂ ਨਾਲ, ਪੰਜਾਬ ਵਿਚ ਅਤਿਵਾਦ ਦੀ ਸਮੱਸਿਆ ਦਾ ਕੋਈ ਹੱਲ ਕੱਢ ਵੀ ਲੈਂਦੇ ਹਨ, ਜਿਵੇਂ ਕਿ ਉਹ ਕਰ ਵੀ ਸਕਦੇ ਹਨ, ਤਾਂ ਵੀ ਪੰਜਾਬ ਅੰਦਰ ਬੁਨਿਆਦੀ ਹਾਲਤ ਵਿਚ ਕੋਈ ਤਬਦੀਲੀ ਨਹੀਂ ਆਉਣ ਲੱਗੀ। ਇਹ ਲਗਾਤਾਰ ਧਮਾਕਾ ਖੇਜ਼ ਬਣੀ ਰਹੇਗੀ ਜਾਂ ਫਿਰ ਹੋਰ ਖਤਰਨਾਕ ਰੂਪ ਅਖਤਿਆਰ ਕਰਕੇ, ਸਮੁੱਚੇ ਦੇਸ਼ ਅੰਦਰ ਮਾਹੌਲ ਨੂੰ ਖਰਾਬ ਕਰਨ ਵੱਲ ਵਧ ਸਕਦੀ ਹੈ। ਨਤੀਜੇ ਵਜੋਂ ਅੱਜ ਸਭ ਤੋਂ ਮੁੱਢਲੀ ਤੇ ਜ਼ਰੂਰੀ ਗੱਲ, ਪੰਜਾਬ ਦੇ ਮਸਲੇ ਦਾ ਪੁਲਿਸ ਹੱਲ ਲੱਭਣ ਦੀ ਬਜਾਏ, ਸਿਆਸੀ ਹੱਲ (ਭਾਵੇਂ ਉਹ ਬੁਰਜੂਆ ਸਿਆਸਤ ਦੇ ਘੇਰੇ ਅੰਦਰ ਹੀ ਕਿਉਂ ਨਾ ਹੋਵੇ) ਲੱਭਣ ਦੀ ਲੋੜ ਉੱਤੇ ਜ਼ੋਰ ਦੇਣ ਦੀ ਹੈ।

ਭਾਰਤ ਦੇ ਦੂਜੇ ਹਿੱਸਿਆਂ ਵਾਂਗ, ਪੰਜਾਬ ਵਿਚ ਵੀ ਬੁਨਿਆਦੀ ਸਮੱਸਿਆਵਾਂ, ਮੌਜੂਦਾ ਆਰਥਕ-ਪੈਦਾਵਾਰੀ ਢਾਂਚੇ ਦੀਆਂ ਪੈਦਾਵਾਰ ਹਨ, ਅਤੇ ਇਹਨਾਂ ਦਾ ਹੱਲ ਭਾਰਤੀ ਸਮਾਜ ਵਿਚ ਬੁਨਿਆਦੀ ਤਬਦੀਲੀਆਂ ਕੀਤਿਆਂ ਹੀ ਸੰਭਵ ਹੈ। ਪਰ ਜੇਕਰ ਅਸੀਂ ਫਿਰ ਵੀ, ਅੱਜ, ਕਿਸੇ ਫੌਰੀ ਸਿਆਸੀ ਹੱਲ ਦੀ ਮੰਗ ਕਰਦੇ ਹਾਂ, ਤਾਂ ਕੇਵਲ ਇਸ ਲਈ ਹੀ ਨਹੀਂ ਕਿ ਇਹ ਸਾਲਾਂ ਬੱਧੀ ਸੰਤਾਪ ਹੰਢਾ ਰਹੇ ਪੰਜਾਬੀ ਲੋਕਾਂ ਨੂੰ ਰਾਹਤ ਦੇਵੇਗਾ, ਸਗੋਂ ਵੱਧ ਇਸ ਲਈ ਵੀ, ਕਿ ਇਸ ਅਫਰਾਤਫਰੀ ਵਾਲੀ ਮੌਜੂਦਾ ਖਤਰਨਾਕ ਹਾਲਤ ਦਾ ਭੋਗ ਪੈਣ ਨਾਲ, ਸਮਾਜ ਨੂੰ ਬਦਲਣ ਦੇ ਅਤੀ ਲੋੜੀਂਦੇ ਸੰਘਰਸ਼ ਲਈ, ਉਹਨਾਂ ਵਾਸਤੇ ਵੱਧ ਸਾਜ਼ਗਾਰ ਹਾਲਤਾਂ ਪੈਦਾ ਹੋਣ-ਗੀਆਂ। ਮੌਜੂਦਾ ਹਾਲਤ, ਭਿੜ ਰਹੀਆਂ ਵੱਖ ਵੱਖ ਲੋਕ ਵਿਰੋਧੀ ਸਿਆਸਤਾਂ ਦੇ ਹੀ ਸੂਤ ਬੈਠਦੀ ਹੈ। ਤਾਕਤਾਂ ਦੇ ਤੋਲ ਅਨੁਸਾਰ ਜੇ ਦੇਖਿਆ ਜਾਏ ਤਾਂ ਅੱਜ, ਦਿੱਲੀ ਦੇ ਹਾਕਮਾਂ ਦੇ ਵੱਧ ਰਾਸ ਹੈ।

ਸਿਆਸੀ ਹੱਲ ਦੇ ਖੋਜ ਦੇ ਸ਼ੁਰੂਆਤੀ ਨੁਕਤੇ ਵਜੋਂ, ਕੇਂਦਰੀ ਸਰਕਾਰ ਨੂੰ, ਸਿੱਖਾਂ ਖਿਲਾਫ ਕੀਤੀਆਂ ਜ਼ਾਹਰਾ ਜ਼ਿਆਦਤੀਆਂ (ਮਿਸਾਲ ਦੇ ਤੌਰ ਤੇ ਦਿੱਲੀ ਦੰਗਿਆਂ ਤੋਂ ਜੋਧਪੁਰ ਦੇ ਕੈਦੀਆਂ ਆਦਿ) ਦੇ ਮਸ-ਲਿਆਂ ਨੂੰ ਖਤਮ ਕਰਕੇ, ਉਹਨਾਂ ਅੰਦਰ, ਆਪਣੀ ਸਾਖ ਮੁੜ ਬਹਾਲ ਕਰਨ ਲਈ ਮਜ਼ਬੂਰ ਕੀਤਾ ਜਾਣਾ ਚਾਹੀਦਾ ਹੈ। ਇਸ ਉਪਰੰਤ, ਲੋੜੀਦੀ ਤਿਆਰੀ ਤੋਂ ਬਾਅਦ, ਪੰਜਾਬ ਅਤੇ ਪੰਜਾਬ ਤੋਂ ਬਾਹਰ ਬੈਠੀਆਂ ਸਾਰੀਆਂ ਸਬੰਧਤ ਧਿਰਾਂ ਦੀ ਖੁਲ੍ਹੀ ਕਾਨਫਰੰਸ ਸੱਦ ਕੇ, ਸਿਆਸੀ ਹੱਲ ਲੱਭਣ ਦੀ ਲੋੜ ਨੂੰ ਉਤਾਰਿਆ ਜਾਣਾ ਚਾਹੀਦਾ ਹੈ।

ਹੁਣ ਮੈਂ ਪੰਜਾਬ ਅੰਦਰ, ਸਾਡੇ ਵਲੋਂ ਕਮਿਊਨਿਸਟ ਇਨਕਲਾਬੀ ਪੈਂਤੜੇ ਤੋਂ ਸਿਆਸੀ ਦਖਲ ਅੰਦਾਜ਼ੀ ਕਰਨ ਦੇ ਕਾਰਜ ਦੀ ਆਮ ਸੇਧ ਦੇ ਕੇਂਦਰੀ ਸੁਆਲ ਨੂੰ ਸੰਬੋਧਿਤ ਹੁੰਦਾ ਹਾਂ। ਹੋਰ ਸਪਸ਼ਟ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਇਹ ਵਿਸ਼ਾ, ਪੰਜਾਬ ਅੰਦਰ ਸਿੱਖ ਅੱਤਿਵਾਦੀ ਲਹਿਰ (ਜਿਸਦਾ ਇਕ ਸਿਆਸੀ-ਵਿਚਾਰਧਾਰਕ ਵਜੂਦ ਹੋਂਦ ਵਿਚ ਆ ਚੁੱਕਿਆ ਹੈ) ਪ੍ਰਤੀ ਆਪਣਾ ਨਜ਼ਰੀਆ ਤਹਿ ਕਰਨ ਦੇ ਸੁਆਲ ਨਾਲ ਸਬੰਧ ਰੱਖਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਮੌਜੂਦਾ ਲਹਿਰ ਹਾਕਮ ਜਮਾਤਾਂ ਵਲੋਂ, ਪਿਛਲੇ ਸਾਲਾਂ ਦੌਰਾਨ ਪੰਜਾਬ ਵਿਚ ਅਪਣਾਈ ਗਈ ਸਿਆਸਤ ਤੇ ਇਥੋਂ ਤਕ ਕਿ ਇਸ ਦੀਆਂ ਨੀਤੀਆਂ ਦੇ ਜਵਾਬੀ ਪ੍ਰਤੀਕਰਮ ਦੀ ਪੈਦਾਵਾਰ ਹੈ। ਪਰ ਏਸ ਤੱਥ ਦੇ ਬਾਵਜੂਦ ਇਸ ਲਹਿਰ ਦੇ ਸਮੁੱਚੇ ਪਾਸੇ ਨੂੰ ਪਿਛਾਖੜੀ, ਫਿਰਕੂ, ਫੁਟਪਾਊ, ਕਮਿਊਨਿਸਟ ਵਿਰੋਧੀ ਤੇ ਇਥੋਂ ਤਕ ਕਿ ਇਸਨੂੰ ਫਾਸ਼ੀ ਲਹਿਰ ਵਜੋਂ ਅੰਗਣਾਂ ਗਲਤ ਨਹੀਂ ਹੋਵੇਗਾ। ਇਸ ਲਈ, ਇਸ ਲਹਿਰ ਦਾ ਡਟਵਾਂ ਵਿਰੋਧ ਤੇ ਇਸ ਵਿਰੁੱਧ ਬੇਝਿਜਕ ਤੇ ਸਮਝੌਤਾ ਰਹਿਤ ਸਿਆਸੀ-ਸਿਧਾਂਤਕ ਜੱਦੋ ਜਹਿਦ ਸਾਡਾ ਬੁਨਿਆਦੀ ਪੈਂਤੜਾ ਹੋਣਾ ਚਾਹੀਦਾ ਹੈ। ਪਰ ਇਹ ਤੱਥ ਕਿ ਅਨੇਕਾਂ ਮਹੱਤਵ ਪੂਰਨ ਵਰਤਾਰਿਆਂ ਵਾਂਗ ਵੱਖ ਵੱਖ ਤੇ ਵੱਧ ਘੱਟ ਮਹੱਤਤਾ ਵਾਲੇ ਅਣ-ਗਿਣਤ ਪਹਿਲੂਆਂ ਵਾਲਾ, ਇਹ ਵੀ ਇਕ ਗੁੰਝਲਦਾਰ ਵਰਤਾਰਾ ਹੈ, ਸਾਡੇ ਕੋਲੋਂ, ਠੋਸ ਹਾਲਤਾਂ ਤੇ ਇਤਿਹਾਸਕ ਮੌਕਾ ਮੇਲ ਦੇ ਅਨੁਸਾਰ, ਇਸ ਪ੍ਰਤੀ ਵੱਖ ਵੱਖ ਕਿਸਮ ਦੇ ਇਸ ਦਾਅ ਪੇਚ ਅਪਣਾਉਣ ਦੀ ਮੰਗ ਕਰਦਾ ਹੈ।

ਇਸਦੇ ਬੁਨਿਆਦੀ ਖਾਸੇ ਨੂੰ ਸਮਝਦਿਆਂ, ਅਸੀਂ, ਇਸ ਲਹਿਰ ਦੇ ਵਿਰੋਧੀ ਹਾਂ। ਵਿਰੋਧ ਹੋਰ ਵੀ ਕਰਦੇ ਹਨ, ਪਰ ਵੱਖਰੇ ਢੰਗਾਂ ਨਾਲ। ਵਖਰੇਵੇਂ, ਪੰਜਾਬ ਅਤੇ

ਸਮੁੱਚੇ ਹਿੰਦੁਸਤਾਨ ਦੀਆਂ ਹਾਲਤਾਂ ਨੂੰ ਅੰਗਦੀਆਂ ਸਮਝਾਂ ਤੇ ਆਧਾਰਤ ਹਨ। ਅਜੋਕੀਆਂ ਹਾਲਤਾਂ ਵਿਚ, ਵੱਖ ਵੱਖ ਸਿਆਸੀ-ਸਿਧਾਂਤਕ ਘੜਤਾਂ ਤੇ ਆਧਾਰਤ, ਇਸ ਵਿਰੋਧ ਦੀਆਂ ਤਿੰਨ ਵੰਨਗੀਆਂ ਹਨ।

1. ਵਿਰੋਧ ਦੀ ਪਹਿਲੀ ਵੰਨਗੀ, ਰਿਕੀਰੋ-ਗਿਰੀ ਲਾਲ ਜੈਨ-ਬਿਪਨ ਚੰਦਰ ਮਾਰਕਾ ਵੰਨਗੀ ਹੈ। ਆਪਣੀਆਂ ਖਤਰਨਾਕ ਸਰਲ ਦਲੀਲਾਂ ਤੇ ਵੱਖ ਵੱਖ ਢੰਗਾਂ ਰਾਹੀਂ, ਇਹ, "ਅਤਿਵਾਦ ਵਿਰੁੱਧ ਲੜਾਈ ਨੂੰ, ਰਾਜ ਸ਼ਕਤੀ ਵਲੋਂ, ਸਾਂਝਿਆਂ ਬੱਧੀ ਲੜੀ ਜਾਣ ਵਾਲੀ, ਬੇਕਿਰਕ ਤੇ ਸਮੇਂਤਾ ਰਹਿਤ ਜੰਗ ਵਜੋਂ ਚਿਤਵਦਾ ਹੈ। ਇਸ ਲੜੀ ਵਿਚ 'ਕੌਮੀ ਮੁਖਧਾਰਾ' 'ਚੋਂ, ਸੱਜੇ ਤੇ ਖੱਬੇ ਦੋਵਾਂ ਕਿਸਮ ਦੇ ਅਨੇਕਾਂ ਪਤਵੰਤੇ ਬੁਧੀਜੀਵੀਆਂ ਦੇ ਨਾਂ ਜੋੜੇ ਜਾ ਸਕਦੇ ਹਨ। ਪਰ ਇਕ ਗਿਣਨਯੋਗ ਘੱਟਗਿਣਤੀ ਉਹਨਾਂ ਦੀ ਵੀ ਹੈ ਜੋ ਇਸ ਮਸਲੇ ਤੇ ਵੱਧ ਸੰਤੁਲ ਪਹੁੰਚ ਰੱਖਦੇ ਹਨ। ਇਥੇ ਮਹੱਤਵਪੂਰਨ ਨੁਕਤਾ ਕਿਸੇ ਦੀਆਂ ਅੰਤਰਮੁਖੀ ਇੱਛਾਵਾਂ ਦਾ ਨਹੀਂ ਤੇ ਨਾ ਹੀ ਇਹ, ਕੌਮਵਾਦ, ਧਰਮ ਨਿਰਪੱਖਤਾ, ਜਮਹੂਰੀਅਤ, "ਜਨਤਕ ਵਿਚਾਰਧਾਰਕ-ਮੁਹਿੰਮ," ਜਾਂ ਇਥੋਂ ਤਕ ਕਿ ਮਾਰਕਸਵਾਦ (ਜਿਸ ਨਾਲ ਕਿ ਅਕਸਰ ਦਲੀਲਾਂ ਨੂੰ ਸਜਾਇਆ ਜਾਂਦਾ ਹੈ) ਵਰਗੇ ਸ਼ਬਦਾਂ ਨਾਲ ਪ੍ਰਸਿੰਗਕਤਾ ਪ੍ਰਦਾਨ ਕਰਨ ਦਾ ਹੈ, ਸਗੋਂ ਅਸਲ ਨੁਕਤਾ ਕਿਸੇ ਦੀ ਸਿਧਾਂਤਕ ਘੜਤ 'ਚੋਂ ਨਿਕਲਣ ਵਾਲੇ ਅਮਲੀ ਸਿਆਸੀ ਨੁਸਖੇ ਦਾ ਹੈ। ਬਿਪਨ ਚੰਦਰ ਦਾ ਸਮੁੱਚਾ ਪੈਂਤੜਾ, ਮਾਰਕਸ-ਵਾਦੀ ਪੈਂਤੜਾ, ਮਾਰਕਸਵਾਦੀ ਪੈਂਤੜਾ ਨਾ ਹੋ ਕੇ, ਖੱਬੀ ਕੌਮਪ੍ਰਸਤੀ ਵਾਲਾ ਪੈਂਤੜਾ ਹੈ। ਇਸਨੂੰ ਮਾਰਕਸਵਾਦ ਦੁਆਰਾ ਪ੍ਰਭਾਵਿਤ ਕੌਮਪ੍ਰਸਤੀ ਵਾਲਾ ਪੈਂਤੜਾ ਵੀ ਕਿਹਾ ਜਾ ਸਕਦਾ ਹੈ। ਕੇਵਲ ਅਰਥ ਇਤਿਹਾਸ ਲਿਖਣ ਕਲਾ, ਸਾਮਰਾਜਵਾਦ ਜਾਂ ਫਿਰਕਾਪ੍ਰਸਤੀ ਦੇ ਵਿਰੁੱਧ ਜਾਂ ਮਾਰਕਸ ਲੈਨਿਨ ਦੇ ਅਪ੍ਰਸੰਗਿਕ ਹਵਾਲਿਆਂ ਨੂੰ ਹੀ ਮਾਰਕਸਵਾਦ ਨਹੀਂ ਸਮਝ ਲਿਆ ਜਾਣਾ ਚਾਹੀਦਾ। ਭਾਰਤ ਦੇ ਸਰਮਾਏਦਾਰਾਂ ਵਿਕਾਸ ਤੇ ਹਾਕਮ ਜਮਾਤਾਂ ਦੀ ਸਿਆਸਤ ਨਾਲ ਜੁੜਦੇ ਇਸਦੇ ਅੰਤਰ-ਸਬੰਧਾਂ ਨੂੰ ਤੋੜ ਕੇ, ਅਜੇਹੀ ਤੁਕਬੰਦੀ 'ਕਿ ਫਿਰਕਾਪ੍ਰਸਤੀ ਨੇ ਵੱਖਵਾਦ ਤੇ ਫਿਰ ਅਤਿਵਾਦ ਨੂੰ ਪੈਦਾ ਕੀਤਾ ਹੈ,' ਘੜ ਲੈਣਾ, ਮਾਰਕਸਵਾਦੀ ਢੰਗ ਨਹੀਂ ਹੈ। ਪੰਜਾਬ ਪੰਜਾਬ ਮਸਲੇ ਬਾਰੇ ਅਜੇਹੀ ਸਿਧ ਪੱਧਰੀ ਅਭਿਆਸ-ਵਾਦੀ ਪਹੁੰਚ ਤਾਂ ਅੱਜ ਕਲ੍ਹ ਬੁਰਜੂਆ ਵਿਸ਼ਲੇਸ਼ਕਾਂ ਵਲੋਂ ਵੀ ਨਹੀਂ ਅਪਣਾਈ ਜਾ ਰਹੀ। ਮਾਰਕਸਵਾਦ ਨੂੰ ਕੇਵਲ ਜਮਾਤਾਂ ਦਾ ਸਿਧਾਂਤ ਨਾ ਵੀ ਮੰਨਿਆ ਜਾਵੇ ਤਾਂ ਵੀ ਇਹ ਗੱਲ ਜ਼ੋਰ ਨਾਲ ਆਖੀ ਜਾ ਸਕਦੀ ਹੈ ਕਿ ਮਰਕਸਵਾਦ ਦਾ ਬੁਨਿਆਦੀ ਸੰਕਲਪ ਜਮਾਤ ਹੀ ਰਹਿੰਦੀ ਹੈ ਨਾ ਕਿ ਕੌਮ।

ਇਥੇ ਇਹ ਦਰਸਾਉਣ ਦੀ ਕੋਈ ਜ਼ਰੂਰਤ ਨਹੀਂ ਕਿ ਇਸ ਵੰਨਗੀ ਦੇ ਪ੍ਰੋਕੋਕਾਰ ਭਾਰਤੀ ਰਾਜ ਦੇ ਰੋਲ ਨੂੰ ਘਟਾ ਕੇ ਹੀ ਨਹੀਂ ਦੇਖਦੇ, ਸਗੋਂ ਸਰਕਾਰ ਤੇ ਹਾਕਮਾਂ ਦੀ ਨੀਤੀਆਂ ਦਾ ਪੂਰਾ ਸਮਰਥਨ ਤੇ ਇਥੋਂ ਤਕ ਕਿ ਇਹਨਾਂ ਵਿਚੋਂ ਕੁਝ ਤਾਂ ਫੌਜ ਦੀ ਤਾਇਨਾਤੀ ਦੀ ਮੰਗ ਕਰਨ ਤਕ ਚਲੇ ਜਾਂਦੇ ਹਨ। ਵਿਰੋਧ ਦੀ ਇਹ ਨੀਤੀ ਫੇਲ ਹੋਣੀ ਹੀ ਹੋਣੀ ਹੈ ਅਤੇ ਇਸਦੇ ਨਾਕਾਮਯਾਬ ਹੋਣ ਦੀ ਸੂਰਤ ਵਿਚ, ਨਤੀਜੇ, ਇਸਦੇ ਫੇਲ੍ਹ ਹੋਣ ਨਾਲੋਂ ਵੀ ਮਾੜੇ ਨਿਕਲਣੇ ਹਨ।

2. ਸੀ. ਪੀ. ਆਈ ਤੇ ਸੀ. ਪੀ. ਐਮ ਵਲੋਂ, ਇਸ ਮਾਮਲੇ ਵਿਚ ਅਪਣਾਇਆ ਜਾ ਰਿਹਾ ਸਿਧਾਂਤ ਤੇ ਅਮਲ, ਵਿਰੋਧ ਦੀ ਦੂਸਰੀ ਵੰਨਗੀ ਪੇਸ਼ ਕਰਦਾ ਹੈ। ਇਸ ਵਿਚ ਅਨੇਕਾਂ ਘਚੋਲੇ ਤੇ ਅਸਪਸ਼ਟਤਾਵਾਂ ਹਨ ਅਤੇ ਇਹ 'ਸਾਮਰਾਜ ਵਿਰੋਧੀ' 'ਧਰਮ-ਨਿਰਪੱਖਤਾ' 'ਜਮਹੂਰੀਅਤ' ਜਾਂ 'ਅਗਾਂਹ ਵਧੂ ਵਿਦੇਸ਼ ਨੀਤੀ' ਵਰਗੇ ਸ਼ਬਦਾਂ ਦਾ ਰਵਾਇਤੀ ਰਟਨ ਮੰਤਰ ਹੀ ਹੈ। ਉਹ ਗੈਰ ਦਵੰਦਵਾਦੀ ਤੇ ਪ੍ਰਯੋਗਵਾਦੀ ਸਿਆਸਤ ਤੇ ਅਮਲ ਕਰਦੇ ਹਨ ਅਤੇ ਕੇਂਦਰੀ ਰਿਜ਼ਰਵ ਪੁਲਿਸ ਦੀ ਸਰਾਹਨਾ ਤੇ ਰਿਬੈਰੋ ਨੂੰ ਵਧਾਈਆਂ ਦੇਣ ਵਰਗੇ ਕਾਰਨਾਮੇ ਇਸੇ ਸਿਆਸਤ ਤੇ ਅਮਲ ਦੇ ਕਾਰਨਾਮੇ ਹਨ। ਉਹ ਸਿਖ ਆਤੰਕਵਾਦ ਤੇ ਅਤਿਵਾਦ ਵਿਰੁੱਧ ਲੜਾਈ ਨੂੰ, 'ਕੌਮੀ ਏਕਤਾ ਤੇ ਅਖੰਡਤਾ' ਦੀ ਮਖੀ ਅਤੇ ਅਮਰੀਕੀ ਤੇ ਦੂਜੇ ਸਾਮਰਾਜੀ ਮੁਲਕਾਂ ਵਲੋਂ ਦੇਸ਼ ਨੂੰ 'ਅਸਥਿਰ' ਬਣਾਉਣ ਦੀਆਂ ਚਾਲਾਂ ਵਿਰੁੱਧ, ਲੜਾਈ ਦੇ ਅੰਗ ਵਜੋਂ ਚਿਤਵਦੇ ਹਨ। ਸਾਨੂੰ ਇਹਨਾਂ ਪਾਰਟੀਆਂ ਦੇ ਕਾਰਕੁਨਾਂ (ਜਿਹਨਾਂ ਵਿਚੋਂ ਕਈ, ਇਸ ਲਾਈਨ ਤੇ ਅਮਲ ਕਰਦਿਆਂ ਆਪਣੀਆਂ ਜਾਨਾਂ ਤੱਕ ਵਾਰ ਚੁੱਕੇ ਹਨ) ਦੀ ਬਹਾਦਰੀ ਤੇ ਦਲੇਰੀ ਦੀ ਜ਼ਰੂਰ ਦਾਦ ਦੇਣੀ ਚਾਹੀਦੀ ਹੈ। ਪਰ ਉਹਨਾਂ ਦੇ ਇਸ ਸਿਧਾਂਤਕ ਪੈਂਤੜੇ ਦੀ ਧੁੱਸ ਤੇ ਉਸ ਵਿਚੋਂ ਨਿਕਲਦਾ ਅਮਲ, ਉਹਨਾਂ ਦੀ ਆਪਣੀ ਸਿਆਸਤ ਤੇ ਹਾਕਮ ਜਮਾਤਾਂ ਦੀਆਂ ਪਾਰਟੀਆਂ ਦੀ ਸਿਆਸਤ ਵਿਚਕਾਰ, ਖਿੱਚੀ ਜਾਣ ਵਾਲੀ ਨਿਖੇੜੇ ਦੀ ਲਕੀਰ ਨੂੰ ਧੁੰਦਲਾ ਕਰਦਾ ਹੈ। ਇਸਦੀ ਇਕ ਉਦਾਹਰਣ ਪੰਜਾਬ ਦੇ ਦੁਖਾਂਤ ਲਈ ਜ਼ਿੰਮੇਵਾਰ ਕਾਂਗਰਸ ਆਈ, ਬੀ. ਜੇ. ਪੀ. ਅਤੇ ਅਕਾਲੀ ਦਲ ਵਰਗੀਆਂ ਪਾਰਟੀਆਂ ਵਲੋਂ ਕੀਤੀਆਂ ਗਈਆਂ ਤੇ ਪੰਜਾਬ ਦੇ ਲੋਕਾਂ ਨੂੰ ਧਰਮ-ਨਿਰਪੱਖਤਾ ਦਾ ਪਾਠ ਪੜਾਉਂਦੀਆਂ, ਸਾਂਝੀਆਂ ਸਰਬ ਪਾਰਟੀ ਰੈਲੀਆ ਵਿਚ ਸ਼ਾਮਲ ਹੋਣਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਉਹਨਾਂ ਲੋਕ ਦੋਖੀ ਪਾਰਟੀਆਂ ਨੇ ਨਾ ਤਾਂ ਕਦੇ ਆਪਣੇ ਕੁ ਕਰਮਾਂ ਦੀ

ਆਪ ਪੜਚੋਲ ਕੀਤੀ ਹੈ ਤੇ ਨਾਹੀ ਉਹਨਾਂ ਨੂੰ ਕਦੇ ਕਮਿਊਨਿਸਟਾਂ ਨੇ ਧਰ ਕੇ ਰਗੜ ਮਾਂਜਾ ਲਾਇਆ ਹੈ। ਇਹ ਰੁਝਾਨ ਬਾਹਰ ਮੁਖੀ ਤੌਰ ਤੇ ਹਾਕਮ ਜਮਾਤਾਂ ਦੀ ਸਿਆਸਤ ਦੇ ਚੌਖਟੇ ਵਿਚ ਨਿੱਕਲਦਾ ਹੈ, ਕਿਉਂਕਿ ਭਾਰਤ ਦੇ ਹਾਕਮ ਉਪਰੋਕਤ ਸੁਰਾ ਉਹਨਾਂ ਨਾਲੋਂ ਵੀ ਕਿਤੇ ਵੱਧ ਉੱਚੀ ਸੁਰ ਵਿਚ ਅਲਾਪ ਰਹੇ ਹਨ। ਅਤੇ 'ਕੌਮਵਾਦ' ਨੂੰ (ਜਿਸਨੂੰ ਅੱਜ ਹਿੰਦੂ ਸਾਵਨਵਾਦ ਕਹਿਣਾ ਵੱਧ ਢੁੱਕਵਾਂ ਹੈ), ਆਪਣੇ ਸੰਕਟ ਗ੍ਰਸਤ ਜਮਾਤੀ ਰਾਜ ਦੀ ਰਾਖੀ ਤੇ ਪਕਿਆਈ ਲਈ ਇਕ ਤਕੜੇ ਵਿਚਾਰਧਾਰਕ ਹਥਿਆਰ ਦੇ ਤੌਰ ਤੇ ਵਰਤ ਰਹੇ ਹਨ।

ਇਸ ਸਿਆਸੀ ਪੈਂਤੜੇ ਨਾਲ ਹਕੀਕੀ ਜਾਂ ਖਿਆਲੀ ਤੌਰ ਤੇ, ਜੋ ਵੀ ਸਫਲਤਾ ਪ੍ਰਾਪਤ ਹੁੰਦੀ ਹੈ, ਉਸ ਨਾਲ ਵੀ ਬਾਹਰ ਮੁਖੀ ਹਾਲਤਾਂ ਵਿਚ ਕੋਈ ਤਬਦੀਲੀ ਨਹੀਂ ਆਉਣ ਲੱਗੀ, ਸਗੋਂ ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਇਹ ਧਮਾਕਾ ਖੇਜ਼ ਹੀ ਬਣੀ ਰਹੇਗੀ ਅਤੇ ਹਾਲਤਾਂ ਦੇ ਮਾੜੇ ਰੁੱਖ ਪ੍ਰਭਾਵਿਤ ਹੋਣ ਦੀਆਂ ਸੰਭਾਵਨਾਵਾਂ ਬਣੀਆਂ ਰਹਿਣਗੀਆਂ। ਹੋਰ ਤਾ ਹੋਰ, ਇਸ 'ਕੌਮਵਾਦ' ਦੀ ਭੇਟਾ ਭਾਵੇਂ ਕਿੰਨੀਆਂ ਵੀ ਜਾਨਾਂ ਚੜ੍ਹਾ ਦਿਤੀਆਂ ਜਾਣ, ਇਸ 'ਕਾਮਯਾਬੀ' ਦਾ ਮੁਖ ਫਾਇਦਾ ਭਾਰਤੀ ਹਾਕਮ ਜਮਾਤਾਂ ਨੂੰ ਹੀ ਹੋਣਾ ਹੈ। ਇਸਨੂੰ ਲੋਕਾਂ ਦੀ ਮੁਤਬਾਦਲ ਸਿਆਸਤ ਦਾ (ਜਿਹੜੀ ਕਿ ਭਾਰਤ ਦੀਆਂ ਇਨਕਲਾਬੀ ਸਿਆਸੀ ਬਣਤਰਾ ਦੀ ਲੋੜ ਹੈ ਅਤੇ ਜਿਸ ਲਈ ਉਹ ਯਤਨਸ਼ੀਲ ਹਨ) ਝੰਡਾ ਬਰਦਾਰ ਕਤਈ ਨਹੀਂ ਆਖਿਆ ਜਾ ਸਕਦਾ।

3. ਪੰਜਾਬ ਵਿਚ ਸਿਖ ਅਤਿਵਾਦੀ ਲਹਿਰ ਦੇ ਵਿਰੋਧ ਦੀ ਤੀਜੀ ਵੰਨਗੀ, ਇਸ ਲਹਿਰ ਵਿਰੁੱਧ ਜੱਦੋ-ਜਹਿਦ ਨੂੰ, ਭਾਰਤੀ ਹਾਕਮ ਜਮਾਤਾਂ ਦੀ ਆਰਥਕਤਾ, ਸਿਆਸਤ ਤੇ ਸਭਿਆਚਾਰ ਆਦਿ ਵਿਰੁੱਧ ਦੇਸ਼ ਵਿਆਪੀ ਜੱਦੋ ਜਹਿਦ ਦੇ ਇਕ ਅੰਗ ਵਜੋਂ ਤਸਲੀਮ ਕਰਦੀ ਹ। ਇਹ ਇਸ ਜੱਦੋ ਜਹਿਦ ਨੂੰ, ਮੌਜੂਦਾ ਸਮਾਜਿਕ ਪ੍ਰਬੰਧ ਜਾਰੀ, ਆਪਣੀ ਇਨਕਲਾਬੀ ਜੱਦੋ ਜਹਿਦ ਦੇ ਇਕ ਅੰਗ ਵਜੋਂ ਚਿਤਵਦੀ ਹੈ। ਸਾਮਰਾਜ ਵਿਰੁੱਧ ਦਿਤੀ ਜਾਣ ਵਾਲੀ ਅਤਿ ਮਹੱਤਵ ਪੂਰਨ ਲੜਾਈ ਨੂੰ ਵੀ, ਇਸ ਸਮਝ ਦੇ ਪੈਰੋਕਾਰ ਸਿਰ ਪਰਨੇ ਨਹੀਂ ਕਰਦੇ, ਬਲਕਿ ਇਸੇ ਜੱਦੋ ਜਹਿਦ ਦਾ ਇਕ ਹਿੱਸਾ ਸਮਝਦੇ ਹਨ, ਕਿਉਂਕਿ ਭਾਰਤ ਅੰਦਰ ਸਾਮਰਾਜੀ ਦਖਲ, ਮੁੱਖ ਤੌਰ ਤੇ ਭਾਰਤੀ ਹਾਕਮ ਜਮਾਤਾਂ ਦੀ ਕ੍ਰਿਪਾ ਨਾਲ ਅਤੇ ਉਹਨਾ ਵਲੋਂ ਪ੍ਰਦਾਨ ਕੀਤੇ ਮੌਕਿਆਂ ਕਾਰਨ ਹੀ ਸੰਭਵ ਹੈ। ਭਾਰਤ ਦੀ ਏਕਤਾ ਤੇ ਅਖੰਡਤਾ ਦੇ ਹਾਮੀ ਅਸੀਂ ਵੀ ਹਾਂ, ਪਰ ਕੌਮ ਪ੍ਰਸਤਾਂ ਦੇ ਪੈਂਤੜੇ ਤੋਂ ਨਹੀਂ ਬਲਕਿ ਕਮਿਊਨਿਸਟਾਂ ਦੇ ਪੈਂਤੜੇ ਤੋਂ। ਕਿਉਂਕਿ ਮੌਜੂਦਾ ਇਤਿਹਾਸਕ ਮੌਕਾ ਮੇਲ ਤੇ, ਅਸੀਂ ਇਸਨੂੰ ਸਮੁੱਚੇ ਭਾਰਤੀ ਲੋਕਾਂ ਲਈ, ਸਮਾਜਵਾਦ ਲਈ ਜੱਦੋ ਜਹਿਦ ਵਾਸਤੇ ਬਹੁਤ ਲਾਹੇਵੰਦ ਸਮਝਦੇ ਹਾਂ। ਦਰਅਸਲ ਭਾਰਤ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਵੀ, ਉਕਤ ਸਿਆਸੀ ਪੈਂਤੜੇ ਤੇ ਅਮਲ ਭਾਵ ਹਾਕਮ ਜਮਾਤਾਂ ਦੀ ਆਰਥਕਤਾ ਤੇ ਸਿਆਸਤ ਵਿਰੁੱਧ ਜੱਦੋ ਜਹਿਦ ਰਾਹੀਂ ਹੀ ਸੰਭਵ ਹੈ। ਅੱਜ ਕੱਲ੍ਹ ਭਾਰਤ ਦੇ 'ਇਕ ਕੌਮ ਬਣਨ ਦੇ ਅਮਲ ਵੱਲ' ਦੀ ਗੱਲ ਕਰਨ ਦਾ ਰਿਵਾਜ ਹੈ, ਪਰ ਇਹ ਕਾਰਜ ਜੇਕਰ ਹਾਕਮ ਜਮਾਤਾਂ ਦੇ ਹੀ ਹੱਥ ਰਿਹਾ ਤਾਂ 'ਇਕ ਕੌਮ ਟੁੱਟਣ ਦੇ ਅਮਲ ਵਲ' ਵਾਲੀ ਗੱਲ ਵੱਧ ਠੀਕ ਜਾਪੇਗੀ।

ਪੰਜਾਬ ਅਤੇ ਸਾਰੇ ਹਿੰਦੁਸਤਾਨ ਵਿਚ ਮੁਤਬਾਦਲ ਇਨਕਲਾਬੀ ਲੋਕ ਸਿਆਸਤ ਉਭਾਰਨ ਤੇ ਉਸਾਰਨ ਲਈ ਇਹ ਤੀਜਾ ਪੈਂਤੜਾ, ਦਰੁਸਤ ਸਿਧਾਂਤੱਕ ਪੈਂਤੜਾ ਹੈ। ਮੌਜੂਦਾ ਹਾਲਤਾਂ ਵਿਚ ਸਿੱਖ ਅਤਿਵਾਦੀਆਂ ਦੀਆਂ ਕਾਰਵਾਈਆਂ, ਭਾਵੇਂ ਉਹ ਅਮਨ ਕਾਨੂੰਨ ਦੀ ਕਿੱਡੀ ਵੀ ਸਮੱਸਿਆ ਖੜੀ ਕਿਉਂ ਨਾ ਕਰਦੀਆਂ ਹੋਣ, ਹਾਕਮ ਜਮਾਤਾਂ ਲਈ ਕੋਈ ਹਕੀਕੀ ਖਤਰਾ ਖੜਾ ਨਹੀਂ ਕਰਦੀਆਂ। ਇਸਦੇ ਉਲਟ, ਇਹ, ਉਹਨਾਂ ਦੀਆਂ ਸਿਆਸੀ ਤੇ ਵਿਚਾਰਧਾਰਕ ਲੋੜਾਂ ਦੀ ਹੀ ਪੂਰਤੀ ਕਰਦੀਆਂ ਹਨ। ਆਪਣੀ ਗੰਧਲੀ ਵਿਚਾਰਧਾਰਾ ਤੇ ਅਮਲ ਅਤੇ 'ਮਾਰੋ ਤੇ ਮਾਰੇ ਜਾਉ' ਦੀ ਖੇਡ ਰਾਹੀਂ, ਅਤਿਵਾਦੀ ਆਪਣੇ ਕਿਸੇ ਉਦੇਸ਼ ਦੀ ਪੂਰਤੀ ਨਹੀਂ ਕਰ ਰਹੇ, ਸਗੋਂ ਉਹਨ੍ਹਾਂ ਹੀ ਦੁਸ਼ਮਣਾਂ (ਭਾਵ ਦਿੱਲੀ ਦਰਬਾਰ) ਦੇ ਹੱਥਾਂ ਵਿਚ ਖੇਡ ਰਹੇ ਹਨ, ਜਿਹਨਾਂ ਖਿਲਾਫ ਲੜਨ ਦਾ ਉਹ ਦਾਅਵਾ ਕਰਦੇ ਹਨ। ਅਸਲ ਵਿਚ, ਉਹ, ਦੁਸ਼ਮਣ ਦੀ ਕਈ ਢੰਗਾਂ ਨਾਲ ਮਦਦ ਕਰ ਰਹੇ ਹਨ। ਲੋਕਾਂ ਦਾ ਆਪਣੀਆਂ ਸਮੱਸਿਆਵਾਂ ਦੇ ਦਰੁਸਤ ਹੱਲ ਲੱਭਣ ਦੇ ਹਕੀਕੀ ਕਾਰਜ ਤੋਂ ਧਿਆਨ ਲਾਂਭੇ ਕਰਕੇ, ਉਹਨਾਂ ਅੰਦਰ ਫੁੱਟ ਪਾ ਕੇ ਅਤੇ ਵਿਸ਼ਾਲ ਲੋਕਾਈ ਅੰਦਰ ਕਰਵਟ ਲੈ ਰਹੀ ਬੇਚੈਨੀ ਨੂੰ ਗਲਤ ਪਾਸੇ ਲਾ ਕੇ, ਉਹ ਅਸਿਧੇ ਤੌਰ ਤੇ ਦਿੱਲੀ ਦੇ ਹਾਕਮਾਂ ਦਾ ਪੱਖ ਪੂਰ ਰਹੇ ਹਨ। ਮੁਲਕ ਅੰਦਰ ਮੌਜੂਦ ਜਮਹੂਰੀ ਵਿਰੋਧ (ਜਿਸਨੇ ਪੰਜਾਬ ਅਤੇ ਸਿੱਖ ਘੱਟ ਗਿਣਤੀ ਦੇ ਹੱਕਾਂ ਦੀ ਵੀ ਢਾਲ ਬਣਨਾ ਹੈ) ਨੂੰ ਹਰਜਾ ਪੁਚਾ ਕੇ ਤੇ ਕਮਜ਼ੋਰ ਕਰਕੇ ਭੀ ਉਹ ਭਾਰਤੀ ਹਾਕਮਾਂ ਦੀ ਹੀ ਸੇਵਾ ਕਰ ਰਹੇ ਹਨ। ਅਤੇ ਸਭ ਤੋਂ ਵੱਡੀ ਗੱਲ ਇਹ ਕਿ ਮਹਿਜ਼ ਅਮਨ ਕਾਨੂੰਨ ਦੇ ਖਤਰੇ ਤੋਂ ਅਗੇ ਵਧ ਕੇ ਹਾਕਮ ਜਮਾਤਾਂ ਲਈ ਹਕੀਕੀ ਖਤਰਾ ਬਣਨ ਵਾਲੀ ਅਤੇ ਇਕ ਨਿਯਾ-ਸ਼ੀਲ ਤੇ ਸਾਰੇ ਸ਼ਹਿਰੀਆਂ ਤੇ ਘੱਟ ਗਿਣਤੀਆਂ ਨੂੰ

(ਸਿਖਾਂ ਨੂੰ ਸਮੁੱਚੇ ਭਾਰਤ ਤੇ ਹਿੰਦੂਆਂ ਨੂੰ ਪੰਜਾਬ ਵਿਚ) ਸਵੈਮਾਣ ਦੀ ਜ਼ਿੰਦਗੀ ਮੁਹਈਆ ਕਰਨ ਵਾਲੀ, ਇਕ ਹਕੀਕੀ ਸਮਾਜਵਾਦੀ ਸਮਾਜ ਸਿਰਜਣ ਦੀ ਸਾਂਝੀ ਜੱਦੋ ਜਹਿਦ ਨੂੰ ਢਾਅ ਲਾ ਕੇ, ਉਹ, ਭਾਰਤੀ ਹਾਕਮਾਂ ਦੇ ਵਿੱਡ ਦੀ ਗੱਲ ਪੂਰੀ ਕਰ ਰਹੇ ਹਨ।

ਅਸਿਧੇ ਹੀ ਨਹੀਂ ਅਤਿਵਾਦੀ ਅਨਸਰ ਸਿਧੇ ਰੂਪ ਵਿਚ ਵੀ ਦਿੱਲੀ ਦੇ ਹਾਕਮਾਂ ਦੀ ਮਦਦ ਕਰ ਰਹੇ ਹਨ। ਮੁਲਕ ਨੂੰ ਅਸਥਿਰ ਬਣਾਉਣ ਤੇ ਦੇਸ਼ ਦੀ 'ਏਕਤਾ ਤੇ ਅਖੰਡਤਾ' ਦਾ ਹਊਆ ਖੜਾ ਕਰਕੇ ਜਾਬਰ ਰਾਜ-ਮਸ਼ੀਨਰੀ ਦੇ ਦੰਦ ਹੋਰ ਤਿੱਖੇ ਕਰਨ ਅਤੇ ਹਿੰਦੂ ਫਿਰਕਾ ਪ੍ਰਸਤੀ (ਜਿਸਨੂੰ ਹੁਣ ਰਾਜਸੱਤਾ ਵਲੋਂ ਸਰਪ੍ਰਸਤੀ ਦਿਤੀ ਜਾਣ ਲੱਗ ਪਈ ਹੈ) ਦੇ ਹਥਿਆਰ ਨਾਲ ਲੋਕਾਂ ਨੂੰ ਵਰਗਲਾਉਣ ਦਾ ਬਹਾਨਾ ਮੁਹੱਈਆ ਕਰਕੇ, ਉਹ ਦਿੱਲੀ ਦਾ ਹਾਕਮ ਦਾ ਪੱਖ ਹੀ ਪੂਰ ਰਹੇ ਹਨ। ਲਗਾਤਾਰ ਡੂੰਘੇ ਹੋ ਰਹੇ ਆਰਥਕ ਸੰਕਟ ਅਤੇ ਜਨਤਕ ਬੇਚੈਨੀ ਦੀ ਮਾਰ ਹੇਠ ਆਏ ਤੇ ਇਸ ਸੰਕਟ 'ਚੋਂ ਨਿਕਲਣ ਲਈ ਲਗਾਤਾਰ ਏਕਾ ਧਿਕਾਰਵਾਦੀ ਤੇ ਫਾਸ਼ੀ ਕਦਮ ਪੁੱਟ ਰਹੇ ਭਾਰਤੀ ਹਾਕਮਾਂ ਲਈ ਇਹ ਗੱਲਾਂ ਵਰਦਾਨ ਸਾਬਤ ਹੋ ਰਹੀਆਂ ਹਨ।

ਜਿਥੋਂ ਤੱਕ ਸੰਭਵ ਹੋ ਸਕੇ, ਸਾਨੂੰ, ਸਿੱਖ ਅੱਤਿਵਾਦੀ ਲਹਿਰ ਦੀ ਲਪੇਟ ਵਿਚ ਆਏ ਮੁਕਾਬਲਤਨ ਸਮਝਦਾਰ ਨੌਜਵਾਨਾਂ ਨੂੰ, ਉਹਨਾਂ ਵਲੋਂ, ਦਿੱਲੀ ਦਰਬਾਰ ਪੱਖੀ ਨਿਭ ਏ ਜਾ ਰਹੇ, ਰੋਲ ਅਤੇ ਉਹਨਾਂ ਦੇ ਸਿਆਸੀ ਵਿਚਾਰ ਧਰਾ ਅਮਲ ਦੇ ਮਾਰੂ ਸਿੱਟਿਆਂ ਤੋਂ ਜਣੂ ਕਰਾਉਣਾ ਚਾਹੀਦਾ ਹੈ।

ਇਸ ਲਿਖਤ ਨੂੰ ਖਤਮ ਕਰਨ ਤੋਂ ਪਹਿਲਾਂ ਮੈਂ ਇਕ ਗੱਲ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਇਸ ਪੈਂਤੜੇ/ਸਮਝ ਨੂੰ ਲਾਗੂ ਕਰਨ ਲੱਗਿਆਂ ਅਨੇਕਾਂ ਸਮਾਜਿਕ, ਆਰਥਿਕ, ਭੂਗੋਲਿਕ ਜਮਾਤੀ, ਜਾਤ ਪਾਤੀ, ਲਿੰਗ, ਵਿਚਾਰਾ ਤੇ ਸਭਿਆਚਾਰ, ਧਰਮ, ਭਾਸ਼ਾ ਤੇ ਕੌਮੀਅਤਾਂ ਆਦਿ ਦੇ ਸੁਆਲਾਂ ਨੂੰ ਦਾਅਪੇਚਕ ਢੰਗ ਨਾਲ ਮੁਖਾਤਿਬ ਹੋਣ ਦਾ ਕਠਿਨ ਕਾਰਜ ਦਰਪੇਸ਼ ਹੈ। ਇਹ ਸੁਆਲ ਸਰਗਰਮ ਇਨਕਲਾਬੀ ਸਿਆਸਤ ਦੇ ਪੈਰੋਕਾਰਾਂ ਵਲੋਂ, ਆਪਣੇ ਸਿਆਸੀ ਅਮਲ ਦੌਰਾਨ ਹੀ ਤਹਿ ਤੇ ਹੱਲ ਕੀਤੇ ਜਾ ਸਕਣਗੇ।

0

---

ਇਕ ਸਿਆਸੀ ਟਿੱਪਣੀ–ਪਾਠਕ ਲੇਖਕ ਫੋਰਮ ਲਈ

## ਅਸੀਂ ਕਿਧਰ ਨੂੰ ਜਾ ਰਹੇ ਹਾਂ

ਪੂਰੇ ਇਕ ਸਾਲ ਪਿਛੋਂ ਹੀ ਫਿਰਕਾ ਪ੍ਰਸਤੀ ਅਤੇ ਹਕੂਮਤੀ ਜਬਰ ਖਿਲਾਫ ਉਸਾਰੇ ਜਨਤਕ ਫਰੰਟ ਦਾ ਦੋ ਹਿੱਸਿਆਂ 'ਚ ਵੰਡਿਆ ਜਾਣਾ ਮੰਦਭਾਗੀ ਖਬਰ ਸੀ। ਪਰ ਅਤਿ ਮੰਦਭਾਗੀ ਹਾਲਤ ਉਦੋਂ ਦੇਖਣ-ਨੂੰ ਮਿਲੀ ਜਦੋਂ ਗਾਲੀ ਗਲੌਚ ਤੱਕ ਸਥਿਤੀ ਜਾ ਪਹੁੰਚੀ। ਆਪਸੀ ਬਿਆਨ ਬਾਜ਼ੀ–ਫਤਵੇਬਾਜ਼ੀ, ਜੋ ਹੇਠਲੇ ਪੱਧਰ ਦੀ ਸੀ, ਐਥੋਂ ਤੱਕ ਪਹੁੰਚ ਗਈ ਕਿ ਆਮ ਆਦਮੀ ਵੀ ਹਜ਼ਮ ਨਹੀਂ ਸੀ ਕਰ ਸਕਦਾ ਇਕ ਸੁਲਝਿਆ ਇਨਕਲਾਬੀ ਤਾਂ ਕੀ। ਇਕ ਦੂਜੇ ਨੂੰ 'ਖਿਦੇੜਣ' 'ਫਿੱਟਕਾਰਾਂ ਪਾਉਣ' ਲਈ ਸੱਦੇ ਸਮੇਂ ਦੋਵੇਂ ਧਿਰਾਂ ਹੀ ਮੁੱਖ ਦੁਸ਼ਮਣ ਨੂੰ ਭੁੱਲ ਚੁੱਕੀਆਂ ਹਨ। ਸਾਡੀ ਸਮਝ ਦਾ ਐਥੋਂ ਤੱਕ ਦੀਵਾਲਾ ਨਿਕਲ ਰਿਹਾ ਹੋਵੇ, ਸਾਡੇ ਲਈ ਸ਼ਰਮ ਦੀ ਗੱਲ ਹੀ ਹੈ।

'ਫਰੰਟ' ਇਨਕਲਾਬੀ ਲਹਿਰ ਦਾ ਹੀ ਇਕ ਅੰਗ ਸੀ, ਜਿਹਨੇ ਕਾਫੀ ਸਲਾਹੁਣ ਯੋਗ ਰੋਲ ਨਿਭਾਇਆ। ਇਸ ਪਲੇਟ ਫਾਰਮ ਦੀ ਇਕ ਸੀਮਤਾਈ ਵੀ ਸੀ। ਸਿਆਸੀ ਸੀਮਤਾਈ। ਸ਼ਾਮਲ ਧਿਰਾਂ ਭਲੀ ਭਾਂਤ ਜਾਣਦੀਆਂ ਸਨ। ਆਪਣੇ ਸੀਮਤ ਸਿਆਸੀ ਚੌਖਟੇ 'ਚ ਇਹਨੇ ਏਨਾਂ ਕੁ ਹੀ ਰੋਲ ਨਿਭਾ ਸਕਣਾ ਸੀ। ਫਿਰਕਾਪ੍ਰਸਤੀ ਜਦ ਪੂਰੇ ਜਨੂੰਨੀ, ਪਾਗਲਪਨ ਦੇ ਦੌਰ 'ਚੋਂ ਗੁਜ਼ਰਦੀ ਹੈ ਤਾਂ ਇਹ ਇਕ ਵਿਸ਼ੇਸ਼ ਪੀਰੀਅਡ ਹੀ ਹੁੰਦਾ ਹੈ ਜਿਸ ਪਿਛੋਂ ਇਹ ਉਬਾਲ ਡਿੱਗ ਪੈਂਦਾ ਹੈ। ਇਨ੍ਹਾਂ ਅਚਾਨਕ ਸਿਰ ਪਈਆਂ ਹਾਲਤਾਂ ਵਿਚ ਉਸਰੇ ਪਲੇਟ ਫਾਰਮਾਂ ਦੀ ਸੀਮਾਤਾਈ ਸਾਰਿਆਂ ਦੇ ਹੀ ਧਿਆਨ 'ਚ ਸੀ। ਉਂਝ ਵੀ ਸਮੇਂ ਦੀ ਤੋਰ ਨਾਲ ਅਜੇਹੇ ਫਰੰਟ ਟੁੱਟਦੇ ਭੱਜਦੇ ਤੇ ਫਿਰ ਨਵੇਂ ਉਸਰਦੇ ਰਹਿੰਦੇ ਹੀ ਹਨ। 'ਜਿਸ ਦਿਨ ਫਰੰਟ ਉਸਰਿਆ ਸੀ, ਇਹ ਨੁਕਤਾ ਉਸ ਸਮੇਂ ਵੀ ਆਖਿਆ ਸੀ, ਕਿ ਪੰਜਾਬ ਸਿਆਸੀ ਹਾਲਤ ਨੂੰ ਮੱਦੇ ਨਜ਼ਰ ਰੱਖਦਿਆਂ ਇਕ ਸਿਆਸੀ ਪਲੇਟ ਫਾਰਮ ਦੀ ਉਸਾਰੀ ਕੀਤੀ ਜਾਵੇ ਜੋ ਸਮੁੱਚੀ ਪੰਜਾਬ ਦੀ ਸਿਆ–ਸਤ ਵਿਚ ਆਪਣੀ ਤੀਜੀ–ਇਨਕਲਾਬੀ ਸਿਆਸਤ ਦਾ ਬਰ੍ਹਾ ਉਸਾਰਨ ਦੇ ਉਪਰਾਲੇ ਵਿੱਚੋ ਅਜੇਹਾ ਪਲੇਟ ਫਾਰਮ ਤੋਂ ਘਟੋ ਘਟ ਸਿਆਸਤ ਦੀ ਸਾਂਝ ਦੇ ਆਧਾਰ ਤੇ, ਪੰਜਾਬ ਦੇ ਸਾਰੇ ਮੁੱਦਿਆਂ ਉਤੇ ਆਪਣੀ ਸਮਝ ਲਿਜਾਈ ਜਾ ਸਕਦੀ ਹੈ, ਅਤੇ ਲਿਜਾਈ ਜਾਣੀ ਚਾਹੀਦੀ ਹੈ। ਪਰ ਉਸ ਸਮੇਂ ਫਰੰਟ ਦੀ ਉਸਾਰੀ ਵਿਚ ਭਾਰੂ ਧਿਰਾਂ ਨੇ ਇਕ ਸਿਆਸੀ ਪਲੇਟ ਫਾਰਮ ਦੀ ਉਸਾਰੀ ਅਹਿਮ ਲੋੜ ਨੂੰ ਅਣਗੌਲਿਆ ਕਰਕੇ 'ਫਿਰਕੂ ਜਨੂੰਨ ਤੇ ਹਕੂਮਤੀ ਦਹਿਸ਼ਤ' ਖਿਲਾਫ ਸਿਰਫ 'ਦੋ' ਹੀ ਨੁਕ–ਤਿਆਂ ਉਤੇ ਇਕੋ 'ਨਿਰੋਲ' 'ਜਨਤਕ' ਫਰੰਟ ਦੀ ਉਸਾਰੀ ਕੀਤੀ ਸੀ। ਵੈਸੇ ਇਹ ਨਿਰੋਲ ਜਨਤਕ ਫਰੰਟ ਨਹੀਂ ਸੀ, ਪਰਦੇ ਪਿਛੇ ਚਲਾਉਣ ਵਾਲੀਆਂ ਸਿਆਸੀ ਧਿਰਾਂ

ਹੀ ਸਨ। ਪਹਿਲੀ ਸੋਚ ਵਾਲੀਆਂ ਧਿਰਾਂ ਨੇ ਆਪਣਾ ਇਕ ਥੜਾ 'ਇਨਕਲਾਬੀ ਕੇਂਦਰ ਪੰਜਾਬ' ਉਸਾਰ ਕੇ ਪੰਜਾਬ ਦੀ ਸਿਆਸਤ ਵਿਚ ਆਪਣੀ ਦਖਲ ਅੰਦਾਜ਼ੀ ਕੀਤੀ। ਫਿਰ ਵੀ ਇਨਕਲਾਬੀ ਲਹਿਰ ਦੇ ਹਮਦਰਦਾਂ ਨੂੰ ਇਕ ਹਾਂ ਪੱਖੀ ਹੁੰਗਾਰਾ ਮਿਲਿਆ ਸੀ ਕਿ ਖਿੰਡੀ ਪੁੰਡੀ ਲਹਿਰ, ਘਟੋ ਘੱਟ ਦੋ ਪਲੇਟ ਫਾਰਮਾਂ ਉੱਤੇ ਤਾਂ ਜੁੜੀ ਅਤੇ ਦੋਹਾਂ ਪਲੇਟ ਫਾਰਮਾਂ ਨੇ ਆਪਣੀ ਤਾਕਤ ਅਤੇ ਸਮੱਰਥਾ ਮੁਤਾਬਕ ਵਧੀਆ ਰੋਲ ਨਿਭਾਇਆ ਤੇ ਨਿਭਾ ਰਹੇ ਸਨ। ਕੁਝ ਇਲਾਕਿਆਂ ਵਿਚ ਤਾਂ ਸੂਝਵਾਨ ਸਾਥੀਆਂ ਦੇ ਸਹਿਯੋਗ ਨਾਲ ਦੋਵੇਂ ਇਕ ਦੂਜੇ ਦੇ ਪੂਰਕ ਵੀ ਬਣਦੇ ਰਹੇ। ਵਿਸ਼ੇਸ਼ ਕਰ ਮੋਗਾ ਇਲਾਕੇ ਵਿਚ। ਪਰ ਕੁਝ ਜਗ੍ਹਾ ਪੁਰਾਣੀਆਂ ਕੁੜੱਤਣਾਂ ਅਜੇ ਗਈਆਂ ਨਹੀਂ।

ਸਮੇਂ ਦੀ ਇਹ ਲੋੜ ਸੀ, ਤੇ ਅੱਜ ਵੀ ਬੇਹੱਦ ਹੈ ਕਿ, ਇਹ ਕੁੜੱਤਣਾਂ, ਆਪਸੀ ਕੌੜੀ ਗੁਸੈਲੀ ਗਾਲੀ ਗਲੋਚ, ਮੇਹਣੇਬਾਜ਼ੀ ਵਾਲੀ ਸ਼ਬਦਾਵਲੀ ਖਤਮ ਹੋਵੇ। ਸਭ ਤੋਂ ਵੱਡਾ ਸੁਆਲ ਤਾਂ ਸਾਡੇ ਸਾਹਮਣੇ ਇਹ ਹੈ ਕਿ, 'ਸਭ ਤੋਂ ਵਿਕਸਤ ਸਾਇੰਸ ਨੂੰ ਹੱਥ ਲੈ ਕੇ ਵੀ ਸਮਾਜ ਦੇ ਅਗਵਾਨੂੰ ਨਹੀਂ ਬਣ ਸਕੇ', ਪਿਛਾਖੜੀ ਤੇ ਮੱਧ ਯੁੱਗੀ ਵਿਚਾਰਾਂ ਵਾਲੀਆਂ ਤਾਕਤਾਂ ਜ਼ੋਰ ਫੜੀ ਬੈਠੀਆਂ ਹਨ। ਅਤੇ ਅਸੀਂ ਹਾਂ ਕਿ, ਇਸ ਸੁਆਲ ਨੂੰ ਗੰਭੀਰਤਾ, ਸੰਜੀਦਗੀ ਨਾਲ ਲੈਣ ਦੀ ਬਜਾਏ 'ਖੂਹ ਨੂੰ ਹੀ ਸਮੁੰਦਰ' ਸਮਝੀ ਬੈਠੇ ਹਾਂ। ਅਸੀਂ ਜੋ ਕੁਝ ਵੀ ਕੀਤਾ ਹੈ [ਫਰੰਟ ਅਤੇ ਇਨਕਲਾਬੀ ਕੇਂਦਰ ਦੋਵੇਂ ਜਥੇਬੰਦੀਆਂ ਨੇ ਹੀ] ਬਹੁਤ ਨਿਗੂਣਾ ਹੈ। ਇਹ ਅਹਿਸਾਸ ਸਾਨੂੰ ਪਹਿਲਾਂ ਕਰ ਲੈਣਾ ਚਾਹੀਦਾ ਹੈ। ਕਿਉਂ ਤੇ ਕਿਹੜੇ ਕਾਰਨਾਂ ਕਰਕੇ? ਇਹ ਲੱਭਣ ਚਾਹੀਦੇ ਹਨ। ਦੋਸ਼ੀ ਸਿਰਫ ਸਵਰਨ ਜਾਂ ਬਲਵੰਤ ਮਖੂ ਨਹੀਂ ਨਾਂ ਹੀ ਅਮੋਲਕ ਜਾਂ ਜਨਤਕ ਲੀਹ ਵਾਲੇ ਹਨ। ਸਾਡਾ ਦੋਸ਼ ਇਹ ਹੈ ਕਿ ਅਸੀਂ 15–20 ਸਾਲਾਂ ਵਿਚ ਵੀ ਵਿਗਿਆਨ ਦਾ ਡੱਕਾ ਨਹੀਂ ਸਿਖਿਆ। ਹੁਣ ਜੇ ਬਲਵੰਤ ਮਖੂ ਤੇ ਸਵਰਨ ਦੀ ਜੋੜੀ 10 ਜੁਲਾਈ ਦੇ ਮੁਜ਼ਾਹਰੇ ਦੀ ਤਿਆਰੀ ਕਰਦੀ ਹੈ ਤਾਂ ਉਹਦੇ ਕੰਮ ਦੀ ਦਾਦ ਨਹੀਂ ਤੇ ਜਦ ਨਿੱਕਾ ਜਿਹਾ ਕੋਈ ਸਿਆਸੀ ਜਾਂ ਗੈਰ ਸਿਆਸੀ ਸੁਆਲ ਉਹਨਾਂ ਵਲੋਂ ਫਰੰਟ ਦੀ ਕਮੇਟੀ 'ਚ ਉਠਾ ਦਿਤਾ ਜਾਵੇ ਤਾਂ 'ਗਲੀਜ਼ ਰਾਜਨੀਤੀ ਨਾਲ ਫਰੰਟ ਨੂੰ ਅੰਦਰੋਂ ਭ੍ਰਿਸ਼ਟ ਕਰਨ 'ਚ ਲੱਗੇ' (ਸੁਰਖ ਰੇਖਾ) ਜਾਂ 'ਅੰਦਰੋਂ ਸੰਨ ਲਾਉਣ ਵਾਲੀ 'ਧਿਰ' ਜਿਹਨੇ ਫਰੰਟ ਨੂੰ 'ਜਾਮ' ਕਰ ਦਿਤਾ ਸੀ' (ਜਨਤਕ ਲੀਹ) ਵਜੋਂ ਨਿਵਾਜ਼ਿਆ ਜਾਵੇ ਕਿੰਨਾ ਕੁ ਦਰੁਸਤ ਹੈ। ਇਹ ਕਹਿਣਾ ਤਾਂ ਠੀਕ ਨਹੀਂ ਕਿ ਸਵਰਨ ਤੇ ਬਲਵੰਤ ਮਖੂ ਵਲੋਂ ਮੁਕਾਬਲੇ ਦਾ ਫਰੰਟ ਉਸਾਰਨਾ ਠੀਕ ਹੈ, ਪਰ ਇਹ ਵੀ ਸਾਫ ਹੈ ਕਿ ਅਜੇਹੇ ਵਕਤੀ ਪਲੇਟ ਫਾਰਮ ਨੇ ਖੁਦ ਹੀ ਇਕ ਦਿਨ ਭੰਗ ਹੋਣਾ ਹੈ। ਕੋਈ ਧਿਰ ਸਿਆਸੀ ਪਾਰਟੀ ਨੂੰ ਛੱਡ ਕੇ ਜਾਵੇ ਜਾਂ ਸਿਆਸੀ ਪਾਰਟੀ 'ਚ ਦੁਫੇੜ ਪਵੇ ਅਤੇ ਜਾਂ ਕੋ-ਆਰਡੀਨੇਸ਼ਨ ਰਾਹੀਂ ਉਸਰੇ ਇਕ ਵਕਤੀ ਥੜਾ ਦੋ ਹਿਸਿਆਂ 'ਚ ਵੰਡਿਆ ਜਾਵੇ, ਦੋਵੇਂ ਅਲੱਗ ਅਲੱਗ ਮਸਲੇ ਹਨ। ਪਾਰਟੀ ਥੜੇ 'ਚ ਅਜੇਹੇ ਮੰਦਭਾਗੇ ਵਰਤਾਰੇ ਨੂੰ ਤੁਸੀਂ ਸ਼ਬਦੀ ਗੋਲਾਬਾਰੀ ਨਾਲ ਨਿਵਾਜਦੇ ਹੋ ਤਾਂ ਗੱਲ ਵੱਖਰੀ ਹੈ ਪਰ ਅਜੇਹੇ ਪਲੇਟ ਫਾਰਮ ਦੇ ਦੋ ਹਿਸਿਆਂ 'ਚ ਵੰਡੇ ਜਾਣ ਤੇ ਗਾਲੀ ਗਲੋਚ ਸ਼ੋਭਦਾ ਨਹੀਂ ਦਿੰਦਾ। ਕੱਲ ਨੂੰ ਤੁਸੀਂ ਹੀ ਖੁਦ ਕਿਸੇ ਨਾ ਕਿਸੇ ਮਸਲੇ ਤੇ ਫਿਰ ਸਾਂਝੀ ਸਰਗਰਮੀ ਕਰਨ ਲਈ ਮਿਲ ਬੈਠਣਾ ਹੈ।

'ਫੁੱਟ ਪਾਊ ਲਾਣੇ' 'ਭੰਨ ਤੋੜ ਵਾਦੀ ਏ,' ਅਤੇ ਇਥੋਂ ਤਕ ਕਿ, 'ਖਾਲਿਸਤਾਨੀ ਅਤੇ ਹਾਕਮਾਂ ਦੀਆਂ 'ਜੂਠਾਂ' ਸ਼ਬਦਾਂ ਦਾ ਪ੍ਰਯੋਗ ਸਾਡੀ 'ਸੰਜੀਦਗੀ' ਨੂੰ ਭਲੀ ਭਾਂਤ ਸਪੱਸ਼ਟ ਕਰਦਾ ਹੈ। ਅਸੀਂ ਭਾਵੇਂ ਸ਼ਬਦਾਇਕ ਤੌਰ ਤੇ ਕਿੰਨਾ ਦੁੱਧ ਧੋਤਾ ਸੋਨਾ ਅਖਵਾਉਣ ਦੀ ਕੋਸ਼ਿਸ਼ ਕਰੀਏ, ਹਰ ਅੱਖ ਸਾਨੂੰ ਫੜ ਲੈਂਦੀ ਹੈ। ਲੋਕਾਂ ਦੀ ਸੁੰਘਣ ਸ਼ਕਤੀ ਬੜੀ ਤੇਜ਼ ਹੁੰਦੀ ਹੈ। 1971 ਤੋਂ ਲੈ ਕੇ 1987 ਤੱਕ ਦੇ ਇਤਿਹਾਸ 'ਚ ਕਿੰਨੀ ਵਾਰੀ ਤੇ ਕਿਥੇ ਕਿਥੇ 'ਫੁੱਟ ਪਾਊ' 'ਭੰਨ ਤੋੜ ਵਾਦੀ,' ਭੰਗ ਪਾਊ ਆਦਿ ਆਦਿ ਫਿਕਰਾਂ ਦੀ ਵਰਤੋਂ ਹੋਈ ਦਾ ਗ੍ਰਾਫ ਸਾਨੂੰ ਸਾਹਮਣੇ ਰੱਖ ਕੇ ਆਪਣਾ ਚਿਹਰਾ ਦੇਖਣਾ ਪਵੇਗਾ ਕਿ ਅਸੀਂ ਕਿਧਰ ਜਾ ਰਹੇ ਹਾਂ?

ਅਸੀਂ ਇਕ ਦੂਜੇ ਤੋਂ ਇਨਕਲਾਬ ਖੋਹ ਕੇ ਉਸ ਤੇ ਸਵਾਰ ਨਹੀਂ ਹੋਣਾ। ਇਨਕਲਾਬ ਕਰਨਾ ਏਂ ਤਾਂ ਸਮਾਜ ਤੇ ਕਾਬਜ਼ ਦੁਸ਼ਮਣ ਨੂੰ ਲਾਹ ਕੇ। ਸਾਡਾ ਸਾਰਾ ਸ਼ਬਦਾਇਕ ਜ਼ੋਰ–ਗਾਲੀ ਗਲੋਚ ਆਦਿ ਦੁਸ਼ਮਣ ਖਿਲਾਫ ਹੋਣੀ ਚਾਹੀਦੀ ਹੈ। ਨਾ ਕਿ ਆਪਣਿਆਂ ਖਿਲਾਫ ਹੀ। ਵੈਸੇ ਜਿੰਨਾਂ ਅਸੀਂ ਕਿੱਲਦੇ ਹਾਂ ਅਸਲੀ ਪੱਧਰ ਤੇ ਉਨ੍ਹਾਂ ਕਰਦੇ ਨਹੀਂ। ਆਪਣੇ ਮੱਠ ਤੇ ਬੈਠੇ ਅਸੀਂ ਆਪੋ 'ਚ ਸੰਤੁਸ਼ਟ ਹਾਂ।

ਅੱਜ ਸਾਨੂੰ ਆਪਸੀ ਗਾਲੀ ਗਲੋਚ ਨੂੰ ਪਾਸੇ ਸੁੱਟਣਾ ਪਵੇਗਾ। ਇਸ ਸੁਆਲ ਨੂੰ ਸੰਬੋਧਤ ਹੋਣਾ ਪਵੇਗਾ ਕਿ ਪੰਜਾਬ ਦੀ ਸਿਆਸਤ 'ਚ ਸਾਡੀ ਨਿਗਰ ਦਖਲ ਅੰਦਾਜ਼ੀ ਕਿਉਂ ਨਹੀਂ। ਸਿਰਫ ਫਿਰਕਾਪ੍ਰਸਤੀ ਖਿਲਾਫ ਲੜਨਾ ਜਾਂ ਹਕੂਮਤੀ ਜਬਰ ਖਿਲਾਫ ਬੋਲਣਾ ਆਪਣੇ ਆਪ ਵਿਚ ਤੀਜੀ ਇਨਕਲਾਬੀ ਸਿਆਸਤ ਨਹੀਂ। ਸਿਰਫ ਹਾਕਮਾਂ ਦੀ ਲੜਾਈ ਕਹਿ ਦੇਣਾ ਇਨਕਲਾਬੀ ਹੱਲ ਨਹੀਂ। ਸਾਨੂੰ ਦਸਣਾ ਪਵੇਗਾ ਪੰਜਾਬ

ਮਸਲੇ ਦੇ ਨੀਂਹ ਵਿਚ ਆਰਥਕ ਪੱਖ ਕੀ ਹਨ, ਸਮਾਜੀ ਬਣਤਰ ਵਿਚ ਕੀ ਤੱਥ ਹਨ, ਰਾਜਕੀ ਢਾਂਚੇ ਨੇ ਕਿਵੇਂ ਲਗਾਤਾਰ ਇਸ ਪ੍ਰਤੀ ਗੈਰ ਜਮਹੂਰੀ ਰਵੱਈਆ ਰੱਖਿਆ ਹੈ। ਇਨਕਲਾਬੀ ਨਜ਼ਰੀਏ ਨਾਲ ਸਾਨੂੰ ਇਸ ਆਰਥਕ-ਸਮਾਜਕ-ਰਾਜਨੀਤਕ ਹੱਲ ਦੇਣਾ ਹੋਵੇਗਾ। ਫਿਰਕਾ ਪ੍ਰਸਤੀ (ਜੋ ਪੰਜਾਬ ਵਿਚ ਮੇਰਠ, ਯੂ.ਪੀ. ਜਾਂ ਹਿੰਦੂ ਮੁਸਲਮ ਫਿਰਕਾਪ੍ਰਸਤੀ ਵਰਗੀ ਨਹੀਂ) ਖਿਲਾਫ ਲੜਨ ਜਾਂ ਫਾਸ਼ੀ ਦਹਿਸ਼ਤ ਗਰਦੀ (ਜੋ ਇਕ ਸਮੇਂ ਕਾਫੀ ਗੰਭੀਰ ਬਣ ਖੜ੍ਹੀ ਸੀ) ਖਿਲਾਫ ਲੜਨਾ ਸਾਡ ਸਮੁੱਚੇ ਕੰਮਾਂ ਵਿਚੋਂ ਇੱਕ ਕੰਮ ਹੈ। ਪਰ ਸਮੁੱਚਾ ਕੰਮ ਨਹੀਂ। ਜੇ ਇਹ ਹਕੂਮਤ ਨੇ ਜਾਂ ਹਾਕਮਾਂ ਜਮਾਤਾਂ ਨੇ ਪੈਦਾ ਕੀਤੀ ਹੈ ਤਾਂ ਇਹ ਵੀ ਸਾਫ ਹੈ ਕਿ ਉਨ੍ਹਾਂ ਸਾਨੂੰ ਹੋਰ ਕੰਮਾਂ ਨਾਲੋਂ ਇਕ ਕੰਮ ਕੱਢ ਕੇ ਦੇ ਦਿੱਤਾ ਕਿ ਇਹ ਕਰਦੇ ਜਾਓ ਦੁਸ਼ਮਣ ਖ਼ਿਲਾਫ ਢਾਂਚੇ ਖਿਲਾਫ ਲੜਾਈ ਨੂੰ ਅਸੀਂ ਭੁੱਲ ਹੀ ਗਏ। ਪੰਜਾਬ ਦਾ ਮਸਲਾ ਭਾਰਤੀ ਗੈਰ ਜਮਹੂਰੀ ਢਾਂਚੇ ਨਾਲ ਜੁੜਿਆ ਹੋਇਆ ਹੈ। ਇਸ ਦੇ ਸਾਰੇ ਪਹਿਲੂਆਂ ਦਾ ਬਦਲ ਦਿੰਦਿਆਂ ਇਨਕਲਾਬੀ ਜਮਹੂਰੀ ਢਾਂਚੇ ਦੀ ਉਸਾਰੀ ਲਈ ਲੋਕ ਲਾਮ ਬੰਦੀ ਕਰਨੀ ਪਵੇਗੀ। ਇਸ ਗੰਭੀਰ ਸੁਆਲ ਨੂੰ ਸੰਬੋਧਿਤ ਹੋਵਾਂਗੇ ਤਾਂ ਆਪਸੀ ਵਿਚਾਰਾਂ ਦੇ ਦੋਸਤਾਨਾ ਤੇ ਸਿਖਾਂਦਰੂ ਅਦਾਨ ਪ੍ਰਦਾਨ ਨਾਲ ਕਿਸੇ ਘੱਟੋ ਘਟ ਸਹਿਮਤੀ ਤੇ ਪਹੁੰਚ ਹੀ ਜਾਵਾਂਗੇ। ਵੈਸੇ ਜਦ ਪੱਲੇ ਸਿਆਸਤ ਨਾ ਹੋਵੇ ਗਾਲੀ ਗਲੋਚ ਹੋਣਾ ਸੁਭਾਵਕ ਹੈ। ਆਓ ਪਿਛਲੇ ਇਤਿਹਾਸ ਤੋਂ ਸਿਖੀਏ ਕਿ **ਅਸੀਂ ਕਿਧਰ ਨੂੰ ਜਾਈ ਜਾ ਰਹੇ ਹਾਂ ?** ਇਤਿਹਾਸ ਦੇ ਨਵੇਂ ਕਾਂਡ ਨੂੰ ਲਿਖਣ ਦੀ ਤਿਆਰੀ ਸਮੇਂ ਆਪੇ ਨੂੰ ਪਛਾਣੀਏ, ਆਪਣ ਪੈਰਾਂ ਵੱਲ ਝਾਤੀ ਮਾਰੀਏ। ਅਜੇਹੀ ਕੋਈ ਗੱਲ ਨਹੀਂ ਕਿ ਅਸੀਂ ਠੀਕ ਥਾਂ ਨਹੀਂ ਸਮਝ ਸਕਾਂਗੇ। ਆਓ ਇਤਿਹਾਸ ਨਾ ਦੁਹਰਾਉਣ ਦਾ ਵਾਹਿਦਾ ਕਰੀਏ।

ਹੁੰਗਾਰੇ ਦੀ ਆਸ ਨਾਲ
ਇਨਕਲਾਬੀ ਲਹਿਰ ਵਿਚੋਂ ਇਕ ਅਤੇ
ਇਨਕਲਾਬੀ ਕੇਂਦਰ ਦਾ ਸੂਬਾ ਕਮੇਟੀ ਮੈਂਬਰ

---

ਪਾਠਕ ਲੇਖਕ ਫੋਰਮ

## ਗੋਲਮੇਜ਼ ਹੀ ਇਕੋ ਹੱਲ ਨਹੀਂ

—ਕਰਮ ਬਰਸਟ

ਭਾਰਤ ਵਿਚ ਕੁਝ ਕੁ ਰਾਜਨੀਤਕ ਖੇਤ੍ਰਿਆਂ ਵਿਚੋਂ ਲਗਾਤਾਰ ਇਹ ਅਵਾਜ਼ ਆ ਰਹੀ ਸੀ। ਹੈ ਕਿ ਪੰਜਾਬ ਸਮੱਸਿਆ ਦੇ ਹੱਲ ਵਾਸਤੇ ਗੋਲਮੇਜ਼ ਕਾਨਫਰੰਸ ਕੀਤੀ ਜਾਵੇ। ਹੁਣ ਇਸ ਅਵਾਜ਼ ਵਿਚ ਸੰਪਾਦਕ ਸਮਤਾ ਦੀ ਅਵਾਜ਼ ਵੀ ਸ਼ਾਮਲ ਹੋ ਗਈ ਹੈ (ਸੰਪਾਦਕੀ-ਸਮਤਾ ਨਵੰਬਰ 1987)। ਕੇਂਦਰ ਸਰਕਾਰ ਹੁਣ ਤੱਕ ਕਹਿੰਦੀ ਆ ਰਹੀ ਹੈ ਕਿ ਪੰਜਾਬ ਵਿਚ ਕੋਈ ਵੀ ਸਮਰੱਥ ਰਾਜਸੀ ਤਾਕਤ ਨਹੀਂ ਹੈ ਜਿਸ ਨਾਲ ਗੱਲ ਬਾਤ ਕੀਤੀ ਜਾਵੇ। ਇਸਦੇ ਜਵਾਬ ਵਿਚ ਖਾਲਿਸਤਾਨੀ ਦਹਿਸ਼ਤਗਰਦਾਂ ਨੇ ਪਹਿਲਾਂ 'ਪੰਥਕ ਕਮੇਟੀ' ਅਤੇ ਹੁਣ ਫਟਾ ਫੱਟ 'ਖਾਲਿਸਤਾਨ ਕੌਂਸਲ' ਦੀ ਸਥਾਪਨਾ ਕਰਕੇ ਆਪਣੇ ਵਲੋਂ ਗੱਲ ਬਾਤ ਕਰਨ ਲਈ ਪਲੇਟ ਫਾਰਮ ਖੜਾ ਕਰ ਦੇਣ ਦਾ ਦਾਅਵਾ ਕਰ ਦਿਤਾ ਹੈ। ਜਾਪਦਾ ਹੈ ਸਾਥੀ ਗੁਰਸ਼ਰਨ ਸਿੰਘ ਨੇ ਵੀ "ਖਾਲਿਸਤਾਨੀ ਕੌਂਸਲ" ਨੂੰ ਇਕ ਸਮਰਥਾਵਾਨ ਸਿਆਸੀ ਧਿਰ ਸਮਝਕੇ ਅਤੇ ਪ੍ਰਭਾਵਤ ਹੋ ਕੇ ਗੋਲਮੇਜ਼ ਦੀ ਮੰਗ ਰੱਖ ਦਿਤੀ ਹੈ। ਅਜਿਹੀ ਮੰਗ ਕਰਨ ਤੋਂ ਪਹਿਲਾਂ ਇਨਕਲਾਬੀ ਧਿਰਾਂ ਨੂੰ ਗੋਲਮੇਜ਼ ਕੀ, ਕਦੋਂ ਅਤੇ ਕਿਉਂ ਹੁੰਦੀ ਹੈ; ਬਾਰੇ ਮੋਟੀ ਸਮਝ ਦਿਮਾਗ ਵਿਚ ਰੱਖਣੀ ਚਾਹੀਦੀ ਹੈ। ਗੋਲਮੇਜ਼ ਕਾਨਫਰੰਸ ਅਜਿਹੇ ਸਮਝੌਤੇ ਦਾ ਨਾਂ ਹੈ ਜਦੋਂ ਸਿਆਸੀ ਖੇਤਰ ਵਿਚ ਗਲਵੱਢ ਖਹਿਭੇੜ ਵਿਚ ਰੁੱਝੀਆਂ ਸਿਆਸੀ ਧਿਰਾਂ ਆਪੋ ਆਪਣੀਆਂ ਪੁਜੀਸ਼ਨਾਂ ਤੋਂ ਮੋੜਾ ਕੱਟ ਕੇ ਸੌਦੇਬਾਜ਼ੀ ਕਰਦੀਆਂ ਹਨ, ਕਿਉਂਕਿ ਦੋਵੇਂ ਧਿਰਾਂ ਹੀ ਸੰਘਰਸ਼ ਦੇ ਅਜਿਹੇ ਮੋੜ ਤੇ ਪਹੁੰਚ ਚੁੱਕੀਆਂ ਹੁੰਦੀਆਂ ਹਨ ਜਿਥੇ ਅਗੇ ਵਧਣਾ ਸਥਾਪਤ ਸਿਆਸੀ ਧਿਰ ਦੀ ਸਥਾਪਨਾ ਨੂੰ ਖਤਰਾ ਪੈਦਾ ਕਰ ਦਿੰਦਾ ਹੈ ਤਾਂ ਉਹ ਚੱਲ ਰਹੇ ਸੰਘਰਸ਼ ਨੂੰ ਮੱਠਾ ਕਰਨ ਅਤੇ ਵਿਰੋਧੀ ਸ਼ਕਤੀ ਵਿਚ ਘਚੋਲਾ ਪੈਦਾ ਕਰਨ ਲਈ ਗੋਲਮੇਜ਼ ਦਾ ਸਹਾਰਾ ਲੈਂਦੀ ਹੈ। ਦੂਜੇ ਪਾਸੇ ਸੰਘਰਸ਼ ਕਰਨ ਵਾਲੀ ਸਿਆਸੀ ਧਿਰ ਘੋਲ ਦੇ ਮੌਜੂਦਾ ਸਾਰੇ ਪਾਰਲੀਮਾਨੀ ਢੰਗ ਅਪਣਾ ਕੇ ਸੰਘਰਸ਼ ਨੂੰ ਅਜਿਹੇ ਪੜਾਅ ਤੇ ਲੈ ਜਾਂਦੀ ਹੈ, ਜਿਥੇ ਜਾ ਕੇ ਹਥਿਆਰਬੰਦ ਸੰਘਰਸ਼ ਦਾ ਰਾਹ ਹੀ ਇਕੋ ਇਕ ਰਾਹ ਰਹਿ ਜਾਂਦਾ ਹੈ। ਲੰਬੇ ਘੋਲ ਦੌਰਾਨ ਸਫਾਂ ਵਿਚ ਨਿਰਾਸਤਾ ਅਤੇ ਬਦਅਮਨੀ ਪੈਦਾ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸਦੇ ਨਾਲ ਹੀ ਸੰਘਰਸ਼ ਦੌਰਾਨ ਇੱਕ ਅਜਿਹੀ ਖਾੜਕੂ ਸ਼ਕਤੀ ਵੀ ਉਭਰਨੀ ਸ਼ੁਰੂ ਹੋ ਜਾਂਦੀ ਹੈ, ਜੋ ਸਥਾਪਤ ਲੀਡਰਸ਼ਿਪ ਲਈ ਖਤਰਾ ਪੈਦਾ ਕਰ ਦਿੰਦੀ ਹੈ। ਅਜਿਹੀ ਹਾਲਤ ਵਿਚ ਸੰਘਰਸ਼ਸ਼ੀਲ ਆਗੂ ਲੀਡਰਸ਼ਿਪ ਲਈ ਸਫਾਂ ਨੂੰ ਸ਼ਾਂਤ ਕਰਨ (ਦੂਜੇ ਸ਼ਬਦਾਂ ਵਿਚ ਗੁੰਮਰਾਹ ਕਰਨ) ਲਈ ਅਤੇ ਆਪਣੀ ਸਿਆਸੀ ਸਮਰੱਥਾ ਨੂੰ ਮੁੜ ਕੇਂਦਰਤ ਕਰਕੇ, ਮੁੜ ਸੰਘਰਸ਼ ਲਈ ਗੋਲਮੇਜ਼ 'ਤੇ ਆਉਣਾ ਪੈਂਦਾ ਹੈ। ਭਾਰਤੀ ਅਜ਼ਾਦੀ ਸੰਘਰਸ਼ ਵਿਚ ਗਾਂਧੀ-ਇਰਵਨ ਸਮਝੌਤਾ ਅਤੇ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦਾ ਸਮਾਂਤਰ ਸੰਘਰਸ਼ ਅਜਿਹੇ ਗੋਲਮੇਜ਼ ਦੀ ਉਘੜਵੀਂ ਮਿਸਾਲ ਹੈ। ਰਾਜੀਵ-ਲੌਂਗੋਵਾਲ ਸਮਝੌਤਾ

ਵੀ ਇਸੇ ਪ੍ਰਸੰਗ ਵਿਚ ਰੱਖਿਆ ਜਾ ਸਕਦਾ ਹੈ। ਕੀ ਅੱਜ ਗੋਲਮੇਜ਼ ਕਾਨਫਰੰਸ ਕਰਨ ਲਈ ਭਾਰਤੀ ਹਾਕਮ ਜਮਾਤਾਂ ਦੀ ਲੋੜ ਬਣਦੀ ਹੈ ? ਭੋਰਾ ਭਰ ਵੀ ਨਹੀਂ। ਪੰਜਾਬ ਵਿਚ ਇਕ ਵੀ ਅਜਿਹੀ ਰਾਜਨੀਤਕ ਪਾਰਟੀ ਜਾਂ ਗਰੁੱਪ ਨਹੀਂ ਜੋ "ਧਰਮ ਯੁੱਧ" ਵਰਗੀ ਜਨਤਕ ਸਿਆਸੀ ਲਹਿਰ ਖੜੀ ਕਰ ਸਕੇ। ਆਪਣੀਆਂ ਸਿਆਸੀ ਮੌਕਾ ਪਰਸਤੀਆਂ ਅਤੇ ਭਾਰਤੀ ਸੱਤਾਵਾਦੀ ਗੁੱਟ ਦੀਆਂ ਤਿਕੜਮਬਾਜ਼ੀਆਂ ਕਾਰਣ ਅਕਾਲੀ ਪਾਰਟੀ ਦਾ ਲੱਕ ਟੁੱਟ ਚੁੱਕਾ ਹੈ। ਕੁਰਸੀਆਂ ਦੀ ਹਿਰਸ ਵਿਚ ਅਕਾਲੀ ਲੀਡਰ ਪਾਟੋਧਾੜ ਦਾ ਸ਼ਿਕਾਰ ਹੋ ਚੁੱਕੇ ਹਨ। ਦੂਜੇ ਖਾਸੇ ਖਾਲਿਸਤਾਨੀ ਦਹਿਸ਼ਤਗਰਦ ਕਿਸੇ ਵੀ ਤਰ੍ਹਾਂ ਭਾਰਤੀ ਹਾਕਮ ਜਮਾਤਾਂ ਲਈ ਖਤਰਾ ਨਹੀਂ ਬਣ ਸਕਦੇ। ਸਗੋਂ ਆਪਣੀਆਂ ਮਨੁੱਖ ਦੋਖੀ ਕਾਰਵਾਈਆਂ ਸਦਕਾ ਭਾਰਤੀ ਰਾਜ ਪ੍ਰਬੰਧ ਦੇ ਹੋਰ ਵਧੇਰੇ ਕੇਂਦਰੀ ਕ੍ਰਿਤ ਅਤੇ ਸੱਤਾਵਾਦੀ ਬਣਨ ਵਿਚ ਸਹਾਈ ਹੋ ਰਹੇ ਹਨ। ਖਾਲਿਸਤਾਨੀ ਦਹਿਸ਼ਤਗਰਦੀ ਨੂੰ ਖਤਮ ਕਰਨ ਦੀ ਆੜ ਵਿਚ ਰਾਜੀਵ ਸਰਕਾਰ ਹਰ ਚੜ੍ਹਦੇ ਦਿਨ ਜਮਹੂਰੀ ਅਧਿਕਾਰਾਂ ਦਾ ਗਲਾ ਘੁੱਟਣ ਵੱਲ ਅੱਗੇ ਵਧਦੀ ਹੈ। ਝੂਠੇ ਪੁਲਸ ਮੁਕਾਬਲਿਆਂ ਅਤੇ ਆਮ ਜਨਤਾ ਉਪਰ ਜਬਰ ਢਾਹ ਕੇ ਖਾਲਿਸਤਾਨੀ ਦਹਿਸ਼ਤਗਰਦਾਂ ਨੂੰ ਪ੍ਰਤੀਕ੍ਰਿਆ ਕਰਨ ਲਈ ਉਕਸਾਉਂਦੀ ਹੈ ਤਾਂ ਜੋ ਹੋਰ ਵਧੇਰੇ ਨੰਗਾ, ਚਿੱਟਾ ਜਬਰ ਕਰਨ ਲਈ ਰਾਹ ਪੱਧਰਾ ਹੋਵੇ। ਇਹ ਸਿਲਸਿਲਾ ਚੱਲ ਰਿਹਾ ਹੈ ਅਤੇ ਚਲਦਾ ਰਹੇਗਾ ਜਦੋਂ ਤੱਕ ਹਾਕਮ ਜਮਾਤਾਂ ਚਾਹੁੰਦੀਆਂ ਹਨ, ਕਿਉਂਕਿ ਇਹ ਸਿਲਸਿਲਾ ਜਮਾਤੀ ਸੰਘਰਸ਼ ਨੂੰ ਖੁੰਢਾ ਕਰਦਾ ਹੈ, ਲੁਟੇਰੀਆਂ ਜਮਾਤਾਂ ਦੀ ਲੁੱਟ ਅਤੇ ਜਬਰ ਨੂੰ ਅੱਖੋਂ ਓਹਲੇ ਕਰਦਾ ਹੈ।

ਇਹ ਸਰਬ ਪ੍ਰਵਾਨਤ ਤੱਥ ਹੈ ਕਿ ਪੰਜਾਬ ਦੀ ਮੌਜੂਦਾ ਸਥਿਤੀ ਲਈ ਭਾਰਤੀ ਹਾਕਮ ਜਮਾਤਾਂ, ਉਹਨਾਂ ਦੀ ਮੁੱਖ ਸਿਆਸੀ ਨੁਮਾਇੰਦਾ ਹਕੂਮਤੀ ਕਾਂਗਰਸ ਪਾਰਟੀ ਅਤੇ ਇਸ ਵਲੋਂ ਪੈਦਾ ਕੀਤੇ, ਪਾਲੇ ਪੋਸੇ ਖਾਲਿਸਤਾਨੀ ਦਹਿਸ਼ਤਗਰਦ ਜ਼ਿੰਮੇਵਾਰ ਹਨ। ਇਕ ਪਾਸੇ ਅਤਿ ਜਾਬਰ ਸੱਤਾਵਾਦੀ ਰਾਜ ਪ੍ਰਬੰਧ ਹੈ ਅਤੇ ਦੂਜੇ ਪਾਸੇ ਅਤਿ ਪਿਛਾਂਖੜੀ ਕਾਤਲੀ ਗਰੋਹ ਹਨ। ਮੌਜੂਦਾ ਹਾਲਤ ਕਿਸੇ ਖਾਸ ਪ੍ਰਸਥਿਤੀਆਂ ਦੀ ਪੈਦਾਵਾਰ ਹੈ। ਇਸਦੇ ਹੱਲ ਲਈ ਗੋਲਮੇਜ਼ ਕਾਨਫਰੰਸ ਹੁੰਦੀ ਹੈ ਜਾਂ ਨਹੀਂ ਇਸ ਬਾਰੇ ਇਨਕਲਾਬੀ ਜਮਹੂਰੀ ਸ਼ਕਤੀਆਂ ਨੂੰ ਬਹੁਤਾ ਫਿਕਰ ਕਰਨ ਦੀ ਲੋੜ ਨਹੀਂ। ਹਾਂ, ਹਾਕਮ ਜਮਾਤਾਂ ਨੂੰ ਜਦੋਂ ਗੋਲਮੇਜ਼ ਦੀ ਲੋੜ ਪਈ ਤਾਂ ਉਨ੍ਹਾਂ ਨੇ ਕਰ ਹੀ ਲੈਣੀ ਹੈ, ਸਾਡੇ ਸੁਝਾਅ ਦੀ ਉਹਨਾਂ ਨੂੰ ਲੋੜ ਨਹੀਂ ਪੈਣੀ।

ਗੋਲਮੇਜ਼ ਦੁਆਲੇ ਬੈਠਣ ਦੀ ਮੰਗ ਸਾਨੂੰ ਨਹੀਂ ਕਰਨੀ ਚਾਹੀਦੀ, ਕਿਉਂਕਿ (1) ਰਾਜੀਵ–ਲੌਂਗੋਵਾਲ ਸਮਝੌਤੇ ਵੇਲੇ ਪਹਿਲਾਂ ਹੀ ਬੁਨਿਆਦੀ ਅਤੇ ਵਕਤੀ ਸਵਾਲ ਲਿਖਤੀ ਅਤੇ ਅਲਿਖਤੀ ਰੂਪ ਵਿਚ ਵਿਚਾਰੇ ਜਾ ਚੁਕੇ ਸਨ, ਉਹਨਾਂ ਨੂੰ ਨਵੇਂ ਸਿਰੇ ਤੋਂ ਖੋਲ੍ਹਣ ਦੀ ਐਡੀ ਲੋੜ ਨਹੀਂ।

(2) ਇਹ, ਪਛਾੜ ਖਾ ਚੁੱਕੀ ਅਤੇ ਜਨਤਾ ਵਿਚੋਂ ਨਿਖੜੀ ਖਾਲਿਸਤਾਨੀ ਲਹਿਰ ਨੂੰ ਸਿਆਸੀ ਮਾਨਤਾ ਦੇਣ ਦਾ ਯਤਨ ਹੋਵੇਗਾ।

ਇਸਦੇ ਨਾਲ ਹੀ ਸਾਨੂੰ ਇਸੇ ਮੰਗ ਨੂੰ ਜਮਾਤੀ ਨਜ਼ਰੀਏ ਤੋਂ ਵਿਚਾਰਨਾ ਚਾਹੀਦਾ ਹੈ। ਅਜਿਹੀ ਸਥਿਤੀ ਵਿਚ ਜਦੋਂ ਇਨਕਲਾਬੀ ਸੰਘਰਸ਼ ਤਿੱਖਾ ਹੋਵੇਗਾ ਅਤੇ ਰਾਜ ਮਸ਼ੀਨਰੀ ਸਾਡੇ ਉਪਰ ਕਹਿਰਾਂ ਦਾ ਜਬਰ ਢਾਹ ਰਹੀ ਹੋਵੇਗੀ ਜਿਵੇਂ ਇਸੇ ਵੇਲੇ ਬਿਹਾਰ ਦੇ ਜਹਾਨਾਬਾਦ ਇਲਾਕੇ ਅਤੇ ਆਂਧਰਾ ਪ੍ਰਦੇਸ਼ ਵਿਚ ਇਨਕਲਾਬੀ ਕਾਰਕੁੰਨਾਂ ਨੂੰ ਸਰੇਆਮ ਗੋਲੀਆਂ ਨਾਲ ਉਡਾਇਆ ਜਾ ਰਿਹਾ ਅਤੇ ਇਨਕਲਾਬੀ ਲਹਿਰ ਦੇ ਕਾਰਕੁੰਨਾਂ ਤੇ ਹਮਦਰਦਾਂ ਦੇ ਘਰ ਘਾਟ ਉਜਾੜੇ ਅਤੇ ਸਾੜੇ ਜਾ ਰਹੇ ਹਨ, ਔਰਤਾਂ ਨੂੰ ਬੇਪਤ ਕੀਤਾ ਜਾਂਦਾ ਹੈ। ਤਾਂ ਅਸੀਂ ਅਮਨ ਦੀ ਗੱਲ ਕਰਾਂਗੇ ? ਜਾਂ ਹਾਕਮ ਜਮਾਤਾਂ ਨੂੰ ਬੇਨਤੀ ਕਰਾਂਗੇ ਕਿ ਸਾਡੇ ਨਾਲ ਗੋਲਮੇਜ਼ ਦੁਆਲੇ ਬੈਠਿਆ ਜਾਵੇ ? ਕੀ ਕਦੇ ਭਾਰਤੀ ਕਮਿਊਨਿਸਟ ਇਨਕਲਾਬੀਆਂ ਨੇ ਤਿਲੰਗਾਨਾ ਲਹਿਰ ਜਾਂ ਨਕਸਲਵਾੜੀ ਦੌਰਾਨ ਜਦੋਂ ਰਾਜ ਮਸ਼ੀਨਰੀ ਉਹਨਾਂ ਦਾ ਚੁਣ ਚੁਣ ਕੇ ਸ਼ਿਕਾਰ ਖੇਡ ਰਹੀ ਸੀ, ਅਜਿਹੀ ਮੰਗ ਉਠਾਈ ਸੀ ? ਨਾ ਕਦੇ ਅਜਿਹਾ ਹੋਇਆ ਹੈ ਨਾ ਕਦੇ ਹੋਣਾ ਚਾਹੀਦਾ ਹੈ ਕਿਉਂਕਿ ਬੁਨਿਆਦੀ ਮਸਲੇ ਹਮੇਸ਼ਾਂ ਜੰਗ ਨਾਲ ਹੱਲ ਹੁੰਦੇ ਹਨ, ਗੱਲਬਾਤ ਨਾਲ ਨਹੀਂ। ਸਾਥੀ ਭਾਅ ਜੀ ਵਲੋਂ ਰੂਸ–ਅਮਰੀਕਾ ਵਿਚਕਾਰ ਚਲ ਰਹੀ ਅਮਨ ਗੱਲਬਾਤ ਦੀ ਪ੍ਰਸੰਗੋਂ ਬਾਹਰੀ ਦਿੱਤੀ ਉਦਾਹਰਣ ਦੀ ਇਥੇ ਉੱਕਾ ਹੀ ਲੋੜ ਨਹੀਂ ਸੀ। ਰੂਸ–ਅਮਰੀਕਾ ਅਤਿ ਮਹਾਂਸ਼ਕਤੀਆਂ ਦੋ ਵੱਖ ਵੱਖ ਸਾਮਰਾਜੀ ਅਤੇ ਫੌਜੀ ਗੁੱਟਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ। ਇਹਨਾਂ ਵਲੋਂ ਭਾਵੇਂ ਕਿੰਨੀ ਵੀ "ਅਮਨ ਗੱਲਬਾਤ" ਕੀਤੀ ਜਾਵੇ, ਆਖਰ ਨੂੰ ਸਾਮਰਾਜੀ ਵਿਰੋਧਤਾਈਆਂ ਦਾ ਹੱਲ ਵੀ ਜੰਗ ਰਾਹੀਂ ਹੀ ਹੁੰਦਾ ਹੈ। ਮਾਰਕਸਵਾਦ–ਲੈਨਿਨਵਾਦ ਤਾਂ ਇਹੀ ਸਿਖਾਉਂਦਾ ਹੈ।

ਪੰਜਾਬ ਵਿਚ ਇਸ ਵੇਲੇ ਹਕੂਮਤੀ ਜਬਰ ਅਤੇ ਪਿਛਾਂਖੜੀ ਖਾਲਿਸਤਾਨੀ ਦਹਿਸ਼ਤਗਰਦੀ ਦੇ ਖਿਲਾਫ ਵਿਸ਼ਾਲ ਜਨਤਕ ਲਾਮਬੰਦੀ ਦੀ ਸਖਤ ਲੋੜ ਹੈ। ਇਹ ਵੀ ਸੱਚ ਹੈ ਕਿ ਪੰਜਾਬ ਵਿਚ ਕੋਈ ਵੀ ਸਿਆਸੀ

ਪਾਰਟੀ ਜਾਂ ਗਰੁਪਾਂ ਸਮੇਤ ਬੁਰਜੁਆ ਪਾਰਲੀਮਾਨੀ ਪਾਰਟੀਆਂ ਦੇ ਨਹੀਂ ਹੈ, ਜੋ ਜਨਤਕ ਲਾਮਬੰਦੀ ਕਰਕੇ ਪੰਜਾਬ ਸਮੱਸਿਆ ਦੇ ਸਿਆਸੀ ਹੱਲ ਲਈ ਸਰਕਾਰ ਉਪਰ ਦਬਾਓ ਪਾ ਸਕੇ ਅਤੇ ਖਾਲਿਸਤਾਨੀ ਨੂੰ ਜਨਤਾ ਵਿਚੋਂ ਨਿਖੇੜ ਸਕੇ। ਇਸ ਲਈ ਸਮੇਂ ਦੀ ਫੌਰੀ ਮੰਗ ਉਹਨਾਂ ਸਾਰੀਆਂ ਸਿਆਸੀ ਧਿਰਾਂ ਦਾ ਸਾਂਝਾ ਮੋਰਚਾ ਉਸਾਰਨ ਦੀ ਹੈ, ਜੋ ਹਕੂਮਤੀ ਜਬਰ ਅਤੇ ਖਾਲਿਸਤਾਨੀ ਦਹਿਸ਼ਤਗਰਦੀ ਦਾ ਠੋਕਵਾਂ ਵਿਰੋਧ ਕਰਦੀਆਂ ਹੋਣ। ਅਜਿਹੇ ਸਾਂਝੇ ਮੋਰਚੇ ਵਿਚ ਵੱਖ ਵੱਖ ਅਕਾਲੀ ਗਰੁਪਾਂ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ।

ਸਾਨੂੰ ਗੋਲਮੇਜ਼ ਦੀ ਮੰਗ ਕਰਨ ਦੀ ਬਜਾਏ ਪੰਜਾਬ ਸਮਝੌਤੇ ਨੂੰ ਇੰਨ ਬਿੰਨ ਲਾਗੂ ਕਰਨ ਦੀ ਮੰਗ ਕਰਨੀ ਚਾਹੀਦੀ ਹੈ, ਜਿਸ ਤੋਂ ਕੇਂਦਰ ਸਰਕਾਰ ਆਨੀਂ ਬਹਾਨੀਂ ਭੱਜ ਚੁੱਕੀ ਹੈ। ਕਈ ਸੱਜਣ ਇਹ ਵੀ ਕਹਿ ਸਕਦੇ ਹਨ ਕਿ ਜਿਸ ਪੰਜਾਬ ਸਮਝੌਤੇ ਨੂੰ ਵੱਖ ਵੱਖ ਅਕਾਲੀ ਧੜੇ ਵੀ ਮੁਰਦਾ ਸਮਝ ਕੇ ਛੱਡ ਚੁੱਕੇ ਹਨ, ਅਸੀਂ ਅਜਿਹੇ ਸਮਝੌਤੇ ਤੋਂ ਕੀ ਲੈਣਾ ਹੈ ? ਇਥੇ ਸਵਾਲ ਕਿਸੇ ਧਿਰ ਵਲੋਂ ਸਮਝੌਤੇ ਨੂੰ ਰੱਦਣ ਜਾਂ ਅਪਨਾਉਣ ਦਾ ਨਹੀਂ, ਸਗੋਂ ਇਸ ਵਿਚ ਉਭਰ ਕੇ ਆਈਆਂ ਮੰਗਾ ਦੀ ਮਹੱਤਤਾ ਦਾ ਹੋਣਾ ਚਾਹੀਦਾ ਹੈ, ਜੋ ਅੱਜ ਵੀ ਜਿਉਂ ਦੀਆਂ ਤਿਉਂ ਖੜੀਆਂ ਹਨ।

ਅਖੀਰੀ ਪਰ ਸਭ ਤੋਂ ਜ਼ਰੂਰੀ ਲੋੜ ਹਕੂਮਤੀ ਜਬਰ ਅਤੇ ਖਾਲਿਸਤਾਨੀ ਦਹਿਸ਼ਤਗਰਦੀ ਵਿਰੁੱਧ ਬੇਕਿਰਕ ਦ੍ਰਿੜ ਸੰਘਰਸ਼ ਚਲਾਉਣ ਦੀ ਹੈ। ਇਹਨਾਂ ਜਾਬਰ ਅਤੇ ਪਿਛਾਖੜੀ ਸ਼ਕਤੀਆਂ ਦੀ ਬਾਹਰੀ ਤੌਰ ਤੇ ਸੁਲਾਹ ਸਫਾਈ ਹੋਵੇ ਜਾਂ ਨਾ ਹੋਵੇ, ਸਾਨੂੰ ਸਪਸ਼ਟ ਹੋਣਾ ਚਾਹੀਦਾ ਹੈ ਕਿ ਇਹਨਾਂ ਸ਼ਕਤੀਆਂ ਦਾ ਖਾਸਾ ਲੋਕ ਵਿਰੋਧੀ ਹੈ, ਦੋਵੇਂ ਇਕ ਦੂਜੀ ਦੀਆਂ ਪੂਰਕ ਹਨ। ਇਹਨਾਂ ਦੀ ਕ੍ਰਿਆ-ਪ੍ਰਕਿਰਿਆ ਇਕ ਦੂਜੀ ਨੂੰ ਬਲ ਬਖਸ਼ਦੀ ਹੈ ਅਤੇ ਲੋਕ ਸ਼ਕਤੀ ਨੂੰ ਖੋਰਾ ਲਾਉਂਦੀ ਹੈ।

## ਪਾਠਕ ਲੇਖਕ ਫੋਰਮ 'ਸਮਤਾ' ਵਾਸਤੇ :

'ਸਮਤਾ' ਦੇ ਅੰਕ ਨੰਬਰ 90 ਵਿਚ ਗੁਰਦੀਪ ਗਰੇਵਾਲ ਨੇ ਪਲਸ ਮੰਚ ਬਨਾਮ ਸੁਰਖ ਰੇਖਾ ਸਿਰਲੇਖ ਹੇਠ ਜੋ ਚਰਚਾ ਛੇੜੀ ਹੈ, ਉਸ ਵਿਚ ਕਈ ਮਹੱਤਵਯੋਗ ਨੁਕਤੇ ਹਨ ਜਿਨ੍ਹਾਂ ਬਾਰੇ ਬੜੀ ਸੰਜੀਦਗੀ ਅਤੇ ਸੁਹਿਰਦਿਤਾ ਵਿਚਾਰ ਚਰਚਾ ਛੇੜੀ ਜਾਣੀ ਚਾਹੀਦੀ ਹੈ।

ਪਹਿਲੀ ਗੱਲ ਜੋ ਮਹੱਤਵ ਪੂਰਨ ਹੈ ਉਹ ਹੈ : ਸਾਡੀ ਪ੍ਰਗਤੀਵਾਦੀ ਵਲੋਂ ਦਮਗਜੇ ਮਾਰਨ ਦੀ ਆਦਤ ਬਾਰੇ। ਇਹ ਬੀਮਾਰੀ ਸਿਰਫ ਹਿੰਦੁਸਤਾਨ ਦੇ ਪ੍ਰਗਤੀਵਾਦੀਆਂ ਵਿਚ ਹੀ ਨਹੀਂ–ਇਹ ਵਿਸ਼ਵਵਿਆਪੀ ਬਿਮਾਰੀ ਹੈ। ਇਥੇ ਸਾਡੇ ਕੈਨੇਡਾ ਵਿਚ ਵੀ ਪ੍ਰਗਤੀਵਾਦੀ ਸਾਥੀ ਅਜਿਹੇ ਹੀ ਦਮਗਜੇ ਮਾਰਨ ਦੇ ਸ਼ੁਕੀਨ ਹਨ (ਇਥੇ ਮੈਂ ਕਿਸੇ ਇਕ ਧੜੇ ਜਾਂ ਗਰੁੱਪ ਦੀ ਗੱਲ ਨਹੀਂ ਕਰ ਰਿਹਾ)।

ਗੁਰਦੀਪ ਗਰੇਵਾਲ ਨੇ ਜਿਹੜੀ ਦੂਜੀ ਗੱਲ ਕਹੀ ਹੈ ਕਿ ਸਾਡੇ ਆਗੂ ਆਪਣੇ ਕਾਡਰ ਤੋਂ ਇਹੀ ਉਮੀਦ ਕਰਦੇ ਹਨ ਕਿ ਉਹ ਵੀ ਸਾਧ, ਸੰਤਾਂ ਦੇ ਚੇਲਿਆਂ ਵਾਂਗ ਹੀ ਲੀਡਰਾਂ ਦੀਆਂ ਗੱਲਾਂ ਵਿਚ ਸ਼ਰਧਾ ਦਿਖਾਣ। ਮੈਂ ਸਮਝਦਾ ਹਾਂ ਅਜਿਹੀ ਮਾਨਸਿਕਤਾ ਉਨ੍ਹਾਂ ਲੋਕਾਂ ਵਿਚ ਭਾਰੂ ਹੁੰਦੀ ਹੈ ਜੋ ਕਿ ਮਾਰਕਸਵਾਦ ਨੂੰ ਵੀ ਇਕ ਧਰਮ ਵਾਂਗ ਹੀ ਸਮਝਦੇ ਹਨ। ਕੈਨੇਡਾ ਵਿਚ ਹੁਣੇ ਜਿਹੇ ਹੋਈ 'ਪਹਿਲੀ ਕੈਨੇਡੀਅਨ ਪੰਜਾਬੀ ਲੇਖਕ–ਕਾਨਫਰੰਸ' ਵਿਚ ਵੀ ਕਈ ਪ੍ਰਗਤੀਵਾਦੀ ਲੇਖਕਾਂ ਨੇ ਇਹ ਗੱਲ ਕਹਿਣ ਵਿਚ ਆਪਣਾ ਪੂਰਾ ਦਿਨ ਲਗਾਇਆ ਸੀ ਕਿ ਸਾਨੂੰ ਕਿਸੇ ਵੀ ਵਿਸ਼ੇ ਉਤੇ ਤਿੱਖੇ ਵਾਦ-ਵਿਵਾਦ ਛੇੜਣ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਤਿੱਖੇ ਵਾਦ-ਵਿਵਾਦ ਛੇੜਨਾ ਤਾਂ ਸਾਹਨਾਂ ਦਾ ਕੰਮ ਹੋ ਸਕਦਾ ਹੈ ਲੇਖਕਾਂ ਦਾ ਨਹੀਂ। ਜਦੋਂ ਕਿ ਪ੍ਰਗਤੀਵਾਦੀ ਵਿਚਾਰਧਾਰਾ ਦਾ ਆਧਾਰ ਹੀ ਕਿਸੇ ਵੀ ਵਿਚਾਰ ਨੂੰ ਸਵੀਕਾਰਨ ਤੋਂ ਪਹਿਲਾਂ ਉਸ ਬਾਰੇ 'ਤਰਕ' ਅਤੇ 'ਦਲੀਲ' ਉਤੇ ਆਧਾਰਤ ਤਿੱਖੇ ਵਾਦ-ਵਿਵਾਦ ਛੇੜਣ ਅਤੇ ਵਿਚਾਰਾਂ ਦੀ ਗਤੀਸ਼ੀਲਤਾ ਪੈਦਾ ਕਰਨ ਵਿਚ ਹੁੰਦਾ ਹੈ। ਨਾ ਕਿ ਕਿਸੇ ਵਿਚਾਰ ਨੂੰ ਸ਼ਰਧਾਲੂਆਂ ਵਾਂਗ ਸਵੀਕਾਰ ਕਰ ਲੈਣ ਵਿਚ।

ਇਸ ਚਰਚਾ ਵਿਚ ਗਰੇਵਾਲ ਨੇ ਜਿਹੜੀ ਤੀਜੀ ਮਹੱਤਵ ਪੂਰਨ ਗੱਲ ਕੀਤੀ ਹੈ, ਉਹ ਹੈ ਸਾਡੇ ਰਾਜਨੀਤੀਵਾਨਾਂ ਬਾਰੇ। ਸਾਡੇ ਰਾਜਨੀਤੀਵਾਨਾਂ ਨੂੰ ਬਹੁਤ ਭੁਲੇਖੇ ਹਨ ਕਿ ਉਹ ਸਾਹਿਤ ਅਤੇ ਸਭਿਆਚਾਰਕ ਪਹਿਲੂਆਂ ਬਾਰੇ ਵੀ ਲੇਖਕਾਂ ਅਤੇ ਕਲਾਕਾਰਾਂ ਦੀ ਅਗਵਾਈ ਕਰ ਸਕਦੇ ਹਨ।

ਇਸੇ ਕਰਕੇ ਜਦੋਂ ਸਾਡੇ ਪ੍ਰਗਤੀਵਾਦੀ ਰਾਜਨੀਤੀਵਾਨ ਸਾਹਿਤਿਕ ਕਲਾ ਕ੍ਰਿਤਾਂ ਦੀ ਸੰਪਾਦਨਾ ਕਰਨ ਦੀ ਜ਼ਿੰਮੇਂਵਾਰੀ ਵੀ ਲੈ ਲੈਂਦੇ ਹਨ ਤਾਂ ਨਤੀਜਾ ਉਹੀ ਹੁੰਦਾ ਹੈ ਜਿਸ ਦੀ ਕਿ ਪਹਿਲਾਂ ਹੀ ਉਮੀਦ ਹੁੰਦੀ ਹੈ : ਰਚਨਾਵਾਂ ਦੀ ਚੋਣ ਕਰਨ ਵੇਲੇ ਸਿਰਫ ਨਾਹਰੇਬਾਜ਼ੀ ਅਤੇ ਉਹ ਵੀ ਇਸ਼ਤਿਹਾਰੀ ਪੱਧਰ ਉਤੇ ਹੀ, ਰਚਨਾਵਾਂ ਦੀ ਚੋਣ ਕਰਨ ਦਾ ਮਿਆਰ ਰਹਿ ਜਾਂਦਾ ਹੈ (ਵਧੇਰੇ ਕਰਕੇ)। ਇਸਦੀ ਉਦਾਹਰਣ ਲਈ 'ਪਲਸ ਮੰਚ' ਵਲੋਂ ਸੰਪਾਦਤ ਕੀਤੀਆਂ ਗਈਆਂ ਪ੍ਰਕਾਸ਼ਤ ਕੀਤੀਆਂ ਗਈਆਂ, ਪਿਛਲੇ ਵਰ੍ਹਿਆਂ ਦੀਆਂ ਪੰਜਾਬੀ ਸ਼ਾਇਰੀ ਦੀਆਂ ਪੁਸਤਕਾਂ ਗਵਾਹ ਹਨ। ਇਹੀ ਹਾਲ, ਵਧੇਰੇ ਕਰਕੇ, ਸਾਡੇ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਸੰਬੰਧਤ ਮੈਗਜ਼ੀਨਾਂ ਦਾ ਹੁੰਦਾ ਹੈ। ਸਾਹਿਤਕ ਕਿਰਤਾਂ ਦੀ ਚੋਣ ਕਰਨ

ਵੇਲੇ ਜੇਕਰ ਪਾਸ਼, ਅਮਰਜੀਤ ਚੰਦਨ, ਹਰਭਜਨ ਹਲਵਾਰਵੀ, ਡਾ. ਜਗਤਾਰ, ਸੁਰਜੀਤ ਪਾਤਰ, ਡਾ. ਸਾਧੂ ਸਿੰਘ ਜਿਹੇ ਜਾਣੇ-ਪਹਿਚਾਣੇ ਪ੍ਰਗਤੀਵਾਦੀ ਸ਼ਾਇਰਾਂ/ਲੇਖਕਾਂ ਦੀ ਮਦਦ ਲੈ ਲਈ ਜਾਵੇ ਤਾਂ ਅਸੀਂ ਪੰਜਾਬੀ ਪਾਠਕਾਂ ਨੂੰ ਮਿਆਰੀ ਕਲਾ-ਕ੍ਰਿਤਾਂ ਦੇ ਸਕਾਂਗੇ ।

ਪ੍ਰਗਤੀਵਾਦੀ ਕਲਾ-ਕ੍ਰਿਤਾਂ ਦੀ ਚੋਣ ਕਰਨ ਵੇਲੇ, ਸਾਨੂੰ, 'ਐਸਥੈਟਿਕਸ' ਦਾ ਵੀ ਉਨਾ ਹੀ ਧਿਆਨ ਰੱਖਣਾ ਚਾਹੀਦਾ ਹੈ ਜਿੰਨਾ ਕਿ ਕਿਸੇ ਰਚਨਾ ਵਿਚਲੇ 'ਤੱਤ' ਦਾ ।

—ਸੁਖਿੰਦਰ

0

## ਮਿੱਤਰ ਸੈਨ ਮੀਤ ਦਾ ਕਥਾ-ਸੰਸਾਰ

ਪਿਛਲੇ ਕੁਝ ਸਮੇਂ ਤੋਂ ਰੋਜ਼ਾਨਾ ਅਖਬਾਰ "ਜੱਗ ਬਾਣੀ" ਮਾਸਿਕ ਪੱਤਰਾਂ ਲੋਅ 'ਸਮਤਾ' ਸਰਦਲ, ਤੇ ਤ੍ਰੈਮਾਸਿਕ "ਸਿਰਜਣਾ" ਦੇ ਪੰਨਿਆਂ ਤੇ ਇਕ ਨਾਂ ਅਕਸਰ ਧਿਆਨ ਖਿੱਚਦਾ ਹੈ। ਇਹ ਨਾਂ ਹੈ, ਸੰਵੇਦਨ-ਸ਼ੀਲ ਕਥਾ ਕਾਰ ਮਿਤਰ ਸੈਨ ਮੀਤ ਦਾ। ਬਹੁਤੇ ਪਾਠਕਾਂ ਨੂੰ ਇਹ ਨਾਂ ਓਪਰਾ ਅਤੇ ਨਵਾਂ ਜਾਪਦਾ ਹੋਵੇਗਾ। ਕਿਉਂਕਿ ਤਕਰੀਬਨ ਦਸ ਸਾਲ ਮੀਤ ਸਾਹਿਤ ਜਗਤ ਵਿਚੋਂ ਅਲੋਪ ਰਿਹਾ। ਅਤੇ ਆਪਣੀ ਰੋਟੀ ਕਮਾਉਣ ਦੇ ਆਹਰ ਲੱਗਿਆ ਰਿਹਾ। ਇਸ ਸਮੇਂ ਉਸਨੇ ਪੜ੍ਹਿਆ ਤੇ ਗੁੜ੍ਹਿਆ ਤਾਂ ਬਹੁਤ ਕੁਝ ਪਰੰਤੂ ਲਿਖਿਆ ਕੁਝ ਨਹੀਂ ।

ਹਕੀਕਤ ਵਿਚ ਮਿਤਰ ਸੈਨ ਮੀਤ ਸਤਰਵਿਆਂ ਵਿਚ ਚਲੀ ਨਵਪਰਗਤੀਵਾਦੀ ਸਾਹਿਤਕ ਲਹਿਰ ਦੀ ਉਪਜ ਹੈ। ਇਸ ਸਮੇਂ ਇਹਨੇ ਦੋ ਨਾਵਲ 'ਅੱਗ ਦੇ ਬੀਜ' ਤੇ 'ਕਾਫਲਾ' ਲਿਖਿਆ। 'ਕਾਫਲਾ' ਲੰਮੇ ਸਮੇਂ ਤਕ ਖਰੜੇ ਦੇ ਰੂਪ ਵਿਚ ਪਿਆ ਰਿਹਾ ਅਤੇ ਹੁਣੇ ਜਿਹੇ ਹੀ ਛਪ ਸਕਿਆ। 'ਅੱਗ ਦੇ ਬੀਜ' ਦਾ ਆਪਣੇ ਸਮੇਂ ਵਿਚ ਭਰਵਾਂ ਸਵਾਗਤ ਹੋਇਆ ਸੀ। ਹੁਣ ਫਿਰ ਉਸਦੀ ਦੂਜੀ ਛਾਪ ਛਾਪੀ ਗਈ ਹੈ। ਮੀਤ ਤੇ ਢੇਰ ਸਾਰੀਆਂ ਕਹਾਣੀਆਂ ਲਿਖੀਆਂ ਜਿਹੜੀ ਸਰਦਲ ਤੇ ਹੋਰ ਥੱਬੇ ਪੱਧੀ ਰਸਾਲਿਆਂ ਵਿਚ ਛਪਦੀਆਂ ਰਹੀਆਂ, ਹੁਣ ਵਰ੍ਹਿਆਂ ਪਿਛੋਂ ਇਹਨਾਂ ਕਹਾਣੀਆਂ ਨੂੰ ਛਾਂਟ ਕੇ ਇਕ ਸੰਗ੍ਰਹਿ-"ਪੁਨਰਵਾਸ" ਦੇ ਨਾਂ ਹੇਠ ਛਪਿਆ ਗਿਆ ਹੈ। ਮੀਤ ਦਾ ਸਮੁੱਚਾ ਕਥਾ-ਸਾਹਿਤ ਆਪਣੇ ਸਮੇਂ ਦੇ ਸਮਾਜਿਕ ਆਰਥਕ ਤੇ ਰਾਜਸੀ ਮਸਲਿਆਂ ਨੂੰ ਪੇਸ਼ ਕਰਦਾ ਹੈ ਅਤੇ ਉਹਨਾਂ ਨੂੰ ਹੱਲ ਕਰਨ ਲਈ ਤਿੱਖੇ ਜਮਾਤੀ ਸੰਘਰਸ਼ ਦੀ ਗੱਲ ਕਰਦਾ ਹੈ। ਮੀਤ ਉਸ ਸਮੇਂ ਆਪ ਇਕ ਨਿਮਨ ਮਧ ਵਰਗੀ ਗਭਰੂ ਸੀ। ਆਰਥਕ ਸੰਕਟ, ਉਸ ਵਿਚੋਂ ਪੈਦਾ ਹੋਏ ਸਮਾਜਿਕ ਤਨਾਉ ਤੇ ਬੇ-ਰਜ਼ਗਾਰੀ ਦਾ ਡੂੰਘਾ ਅਨੁਭਵ ਸੀ। ਇਹਨਾਂ ਅਨੁਭਵਾਂ ਨੂੰ ਹੀ ਉਹਨੇ ਕਥਾ ਰੂਪ ਦਿਤਾ। ਇਹ ਕਥਾਵਾਂ ਵਿਸ਼ੇ ਪਖੋਂ ਨਰੋਈਆਂ ਤੇ ਆਪਣੇ ਸਮੇਂ ਦੇ ਹਾਣਦੀਆਂ ਸਨ। ਪਰੰਤੂ ਇਹਨਾਂ ਦਾ ਰੂਪਕ ਪੱਖ ਕੁਝ ਢਿੱਲਾ ਸੀ। ਕਲਾ ਪੱਖ ਵੀ ਕਮਜ਼ੋਰ ਸੀ। ਪਰੰਤੂ ਇਹ ਮੀਤ ਦੀ ਈਮਾਨ-ਦਾਰੀ ਸੀ ਕਿ ਉਸਨੇ ਸਮਕਾਲ ਤੋਂ ਨਿੱਖੜ ਕੇ ਵਿਸ਼ੇ ਪਖੋਂ ਕੋਈ ਨਵੀਂ ਲੀਹ ਪਾਉਣ ਦਾ ਯਤਨ ਨਾ ਕੀਤਾ। ਇਸ ਲਈ ਅੱਜ ਉਸਦੀਆਂ ਪਹਿਲੀਆਂ ਕਹਾਣੀਆਂ ਤੇ ਨਾਵਲ ਜਿਥੇ ਉਸਦੀ ਕਲਾ ਦੇ ਮੁਢਲੇ ਦੌਰ ਨੂੰ ਪੇਸ਼ ਕਰਦੀਆਂ ਹਨ। ਉਥੇ ਨਕ੍ਰ-ਪਰਗਤੀਵਾਦੀ ਸਾਹਿਤਕ ਲਹਿਰ ਦਾ ਇਕ ਇਤਿਹਾਸਕ ਅੰਗ ਹਨ। ਇਸ ਤਰ੍ਹਾਂ ਇਹਨਾਂ ਦਾ ਆਪਣਾ ਅਸਥਾਨ ਤੇ ਅਹਿਮੀਅਤ ਹੈ।

ਮਿੱਤਰ ਸੈਨ ਮੀਤ ਦੀ ਰਚਨਾ ਪਰਕਿਰਿਆ ਦਾ ਦੂਜਾ ਦੌਰ ਤਕਰੀਬਨ ਪਿਛਲੇ ਦੋ ਸਾਲ ਤੋਂ ਸ਼ੁਰੂ ਹੁੰਦਾ ਹੈ। ਜਦੋਂ ਉਹਨੇ ਮੁੜ ਲਗਾਤਾਰ ਲਿਖਣਾ ਤੇ ਛਪਣਾ ਸ਼ੁਰੂ ਕੀਤਾ ਹੈ। ਹੁਣ ਉਸਦੀ ਗੱਲ ਵਿਚ ਪਹਿਲਾਂ ਨਾਲੋਂ ਪਕਿਆਈ ਤੇ ਡੂੰਘਾਈ ਹੈ ਅਤੇ ਵਿਸ਼ਿਆਂ ਦੀ ਚੋਣ ਵਿਚ ਵੰਨ ਸੁਵੰਨਤਾ ਹੈ। ਆਪਣੀਆਂ ਨਵੀਂਆਂ ਕਹਾਣੀਆਂ ਵਿਚ ਮੀਤ ਨੇ ਆਪਣੇ ਨਵੇਂ ਅਨੁਭਵਾਂ ਨੂੰ ਪੇਸ਼ ਕੀਤਾ ਹੈ। ਹੁਣ ਮੀਤ ਬਾ-ਰੁਜ਼ਗਾਰ ਹੈ। ਜਮਾਤੀ ਤੌਰ ਤੇ ਨਿਮਨ-ਮਧ ਵਰਗ ਤੋਂ ਮਧ ਵਰਗੀ ਹੋ ਗਿਆ ਹੈ। ਪੇਸ਼ੇ ਦੇ ਸੰਬੰਧ ਵਿਚ ਉਸਦਾ ਵਾਹ ਵੰਨ ਸੁਵੰਨੇ ਲੋਕਾਂ ਨਾਲ ਪੈਂਦਾ ਹੈ। ਮੀਤ ਇਹਨਾਂ ਸਾਰਿਆਂ ਦੇ ਸੁਭਾਵਾਂ ਤੇ ਕਰਦਾਰਾਂ ਨੂੰ ਕਲਾਕਾਰ ਦੀ ਤੀਖਣ ਨੀਝ ਨਾਲ ਆਖਦਾ ਹੈ, ਅਤੇ ਫਿਰ ਉਹਨਾਂ ਨੂੰ ਆਪਣੀਆਂ ਕਥਾਵਾਂ ਦੇ ਪਾਤਰਾਂ ਦੇ ਰੂਪ ਵਿਚ ਸਿਰਜਦਾ ਹੈ। ਇਹੋ ਕਾਰਨ ਹੈ ਕਿ ਹੁਣ ਉਸ ਦੀਆਂ ਕਹਾਣੀਆਂ ਦੇ ਪਾਤਰ ਪਹਿਲਾਂ ਨਾਲੋਂ ਸੰਜੀਵ ਕਾਰਜਸ਼ੀਲ ਤੇ ਸੰਵੇਦਨਸ਼ੀਲ ਹਨ। ਇਹ ਪਾਤਰ ਆਪਣੇ ਸਮਾਜਿਕ ਤੇ ਪਰਸਥਿਤੀਆਂ ਤੋਂ ਪਰਭਾਵਤ ਵੀ ਹਨ। ਉਹਨਾਂ ਦੀ ਕੈਦ ਵਿਚ ਵੀ ਹਨ, ਪਰੰਤੂ ਚੇਤਨ ਹੋ ਕੇ ਉਹਨਾਂ ਨੂੰ ਤੋੜਦੇ ਵੀ ਹਨ। ਇਸ ਪੱਖ ਤੋਂ ਉਸਦੀਆਂ ਚਾਰ ਕਹਾਣੀਆਂ ਖਾਨਾ ਪੂਰੀ (ਸਿਰਜਣਾ-ਅਕਤੂਬਰ-ਦਸੰਬਰ 87)ਵਿਰਾਸਤ (ਸਰਦਲ ਅੰਕ-4-87) ਲਾਮ ਸਮਤਾ-ਅਗਸਤ 87) ਤੇ ਸ਼ਨਾਖਤ (ਸਮਤਾ-ਨਵੰਬਰ-87) ਆਖਣੀਆਂ ਠੀਕ ਰਹਿਣਗੀਆਂ।

ਆਪਣੀ ਕਹਾਣੀ 'ਖਾਨਾ ਪੂਰੀ' ਵਿਚ ਮੀਤ ਇਕ ਪੁਲਸ ਦੇ ਹਵਾਲਦਾਰ ਦੀ ਮਾਨਸਿਕ ਸਥਿਤੀ ਨੂੰ ਪੇਸ਼ ਕਰਦਾ ਹੈ। ਜਿਸ ਅੰਦਰ ਮਨੁਖੀ ਕਦਰਾਂ ਤੇ ਰੋਟੀ ਦੀ ਲੋੜ ਦਾ ਦਵੰਦ ਚਲਦਾ ਹੈ। ਹਵਾਲਦਾਰ ਬੁਧ ਸਿੰਘ ਉਚ ਅਧਿਕਾਰੀਆਂ ਹਥੋਂ ਤੰਗ ਹੈ। ਉਹ ਉਸ ਤੋਂ

ਕਾਰਗੁਜਾਰੀ ਵਜੋਂ ਮੁਕੱਦਮਿਆਂ ਦੀ ਮੰਗ ਕਰਦੇ ਹਨ। ਪਰ ਕੇਸ ਮਿਲਦੇ ਨਹੀਂ। ਉਹ ਪਹਿਲਾਂ ਹੀ ਬਦਲੀਆਂ ਦਾ ਸਤਾਇਆ ਹੋਇਆ ਹੈ। ਉਹ ਸਮਗਲਰਾਂ ਸ਼ਰਾਬ ਕੱਢਣ ਵਾਲਿਆਂ ਨੂੰ ਫੜਦਾ ਹੈ। ਪਰੰਤੂ ਉਹਨਾਂ ਦੇ ਹੱਥ ਲੰਮੇ ਹਨ, ਉਸ ਦੀ ਪਕੜ ਵਿਚੋਂ ਨਿਕਲ ਜਾਂਦੇ ਹਨ। ਉਹ ਕੁਝ ਕਰਨੋਂ ਅਸਮਰੱਥ ਰਹਿੰਦਾ ਹੈ। ਪਰੰਤੂ ਕੇਸ ਅਵਸ਼ ਚਾਹੀਦੇ ਹਨ। ਇਸ ਲਈ ਉਹ ਦੋ ਟੱਪਰੀਵਾਸ ਨਾਬਾਲਗ ਤੇ ਬੇਸਹਾਰਾ ਮੁੰਡਿਆਂ ਨੂੰ ਫੜ ਲੈਂਦਾ ਹੈ ਅਤੇ ਉਹਨਾਂ ਵਿਰੁਧ ਕੇਸ ਬਣਾ ਦਿੰਦਾ ਹੈ। ਇਥੇ ਉਹਦੇ ਅੰਦਰਲੀ ਮਨੁਖਤਾ ਚੀਕਦੀ ਹੈ। ਪਰੰਤੂ ਉਹ ਉਸਦਾ ਗਲ ਘੁੱਟ ਦਿੰਦਾ ਹੈ। ਆਪਦੇ ਜ਼ਖ਼ਮਾਂ ਤੇ ਦੇਸੀ ਸ਼ਰਾਬ ਦੇ ਫਾਹੇ ਰੱਖ ਦਿੰਦਾ ਹੈ। ਇਥੇ ਮੀਤ ਮਨੁਖਤਾਂ ਦੇ ਕਤਲ ਲਈ ਵਿਅਕਤੀਆਂ ਨੂੰ ਨਹੀਂ ਬਲਕਿ ਪਰਸਥਿਤੀਆਂ ਨੂੰ ਦੋਸ਼ੀ ਗਰਦਾਨਦਾ ਹੈ।

ਆਪਣੀ ਕਹਾਣੀ 'ਲਾਮ' ਵਿਚ ਮੀਤ ਇਕ ਵੱਖਰੇ ਵਾਤਾਵਰਨ ਨੂੰ ਪੇਸ਼ ਕਰਦਾ ਹੈ। ਇਕ ਨਿਮਨ ਮਧਵਰਗੀ ਮਾਸਟਰ ਪਹਿਲਾਂ ਪਰਸਥਿਤੀਆਂ ਤੋਂ ਪ੍ਰੇਰਤ ਹੋ ਕੇ ਨਕਸਲੀ ਲਹਿਰ ਵਿਚ ਕੁਦਦਾ ਹੈ। ਲਹਿਰ ਦੇ ਨਿਘਰ ਪਿਛੋਂ ਚੁਪ ਕਰਕੇ ਨੌਕਰੀ ਕਰਨ ਤੇ ਟੱਬਰ ਪਾਲਣ ਲੱਗ ਜਾਂਦਾ ਹੈ। ਉਹ ਲਹਿਰ ਤੇ ਲਹਿਰ ਦੇ ਅਦਰਸ਼ਾਂ ਪਰਤੀ ਈਮਾਨਦਾਰ ਰਹਿੰਦਾ ਹੈ। ਨਿਜੀ ਜੀਵਨ ਵਿਚ ਵੀ ਈਮਾਨਦਾਰੀ ਵਰਤਦਾ ਹੈ। ਜਦੋਂ ਕਿ ਉਸਦੇ ਕਦੇ ਰਹਿ ਚੁਕੇ ਸਾਥੀ ਲਹਿਰ ਤੇ ਲਹਿਰ ਦੇ ਅਦਰਸ਼ਾਂ ਨਾਲ ਗਦਾਰੀ ਕਰਕੇ ਨਿਜੀ ਹਿੱਤ ਪਰਾਪਤ ਕਰ ਰਹੇ ਹਨ। ਕੋਈ ਥਾਣੇਦਾਰ ਬਣ ਜਾਂਦਾ ਹੈ। ਕੋਈ ਹਾਕਮ ਜਮਾਤ ਦਾ ਅੰਗ ਬਣ ਜਾਂਦਾ ਹੈ। ਇਸ ਕਹਾਣੀ ਵਿਚ ਵਖੋ ਵੱਖਰੇ ਵਰਗ ਚਰਿਤਰਾਂ ਨੂੰ ਪੇਸ਼ ਕਰਦਾ ਹੈ। ਹਰ ਇਕ ਪਾਤਰ ਆਪਣੇ ਵਰਗ ਚਰਿਤਰ ਅਨੁਸਾਰ ਵਿਵਹਾਰ ਕਰਦਾ ਹੈ। ਪਰੰਤੂ ਨਾਇਕ ਕੇਵਲ ਲਹਿਰ ਵਲ ਸੁਹਿਰਦ ਹੀ ਨਹੀਂ ਰਹਿੰਦਾ ਬਲਕਿ ਅਧੂਰੇ ਰਹਿ ਗਏ ਸੰਘਰਸ਼ ਨੂੰ ਨੇਪਰੇ ਚਾੜ੍ਹਨ ਲਈ ਮੁੜ ਮੈਦਾਨ ਵਿਚ ਨਿਤਰਦਾ ਹੈ। ਇਸ ਕਹਾਣੀਆਂ ਵਿਚ ਮੀਤ ਨੇ ਕੁਝ ਹੀ ਬੁਰਸ਼-ਛੋਹਾਂ ਨਾਲ ਸਮੁਚੇ ਪਾਤਰ ਤੇ ਉਹਨਾਂ ਦੇ ਕਰਦਾਰ ਚਿਤਰੇ ਹਨ। ਮੀਤ ਦੇ ਪਾਤਰ ਰਾਬਟ ਨਹੀਂ। ਜਿਹੜੇ ਹਿਰਦੇ ਹੀਣ ਕੰਮ ਕਰਦੇ ਹਨ। ਨਾਇਕ ਚੇਤਨ ਤੇ ਦਿਰੜ ਹੋ ਕੇ ਵੀ, ਡੋਲਦਾ ਹੈ ਹਾਕਮ ਜਮਾਤ ਦਾ ਅੰਗ ਬਣ ਗਏ ਪਾਤਰ ਵਿਚ ਨਿਰੰਤਰਤਾ ਦਾ ਅਹਿਸਾਸ ਹੈ। ਇਸ ਤਰ੍ਹਾਂ ਮੀਤ ਸਮੁੱਚੀ ਲਹਿਰ ਦਾ ਜਮਾਤੀ ਨਿਰੀਖਣ ਕਰ ਦਿੰਦਾ ਹੈ।

'ਵਿਰਾਸਤ' ਕਹਾਣੀ ਵਿਚ ਦਲਿਤ ਵਰਗ ਦਾ ਇਕ ਨਾਇਕ ਸਿਰਜਿਆ ਹੈ। ਜਿਸਨੇ ਮਿਹਨਤ ਕਰਕੇ ਡੱਗੀ ਪਰਾਪਤ ਕੀਤੀ ਹੈ। ਪਰੰਤੂ ਆਪਣੀ ਜਮਾਤ ਤੋਂ ਅਲੱਗ ਨਹੀਂ ਹੋਇਆ। ਬਲਕਿ ਸਚਾਈ ਈਮਾਨਦਾਰੀ ਤੇ ਆਪਣੀ ਜਮਾਤ ਦੇ ਹਿਤਾਂ ਦੀ ਰਾਖੀ ਲਈ ਆਪਣੇ ਸਥਾਨ ਤੋਂ ਸੰਘਰਸ਼ ਕਰਦਾ ਹੈ। ਰਾਮ ਦਿਆਲ ਇਕ ਸਾਂਸੀਆਂ ਘਰ ਜੰਮਦਾ ਹੈ। ਨਕਸਲੀ ਲਹਿਰ ਤੋਂ ਜਮਾਤੀ ਚੇਤਨਾ ਦੀ ਪਹਿਲ ਲੈਂਦਾ ਹੈ। ਆਪਣੇ ਫਰਜ਼ ਨੂੰ ਨਿਭਾਉਣ ਲਈ ਮਹਿੰਗੀ ਕੀਮਤ ਦਿੰਦਾ ਹੈ, ਪਰੰਤੂ ਆਪਣੀ ਜਮਾਤ ਦਾ ਵਫਾਦਾਰ ਰਹਿੰਦਾ ਹੈ। ਦਰੁਸਤ ਹੈ ਇਹ ਯਥਾਰਥ ਨਹੀਂ ਹੈ। ਇਹ ਇਛਤ-ਯਥਾਰਥ ਹੈ। ਉਘੇ ਸੋਵੀਅਤ ਲੇਖਕ ਨਿਕੋਲਾਈ ਆਸਤਰੋਵਸਕੀ ਦੀ ਜੀਵਨ ਕਥਾ ਵਿਚ ਅੰਕਤ ਹੈ ਕਿ ਉਹ ਛੋਟਾ ਹੁੰਦਾ ਆਪਣੀ ਮਾਂ ਨੂੰ ਕਹਾਣੀ ਪੜ੍ਹਕੇ ਸੁਨਾਉਣ ਸਮੇਂ ਨੌਕਰਾਂ ਹੱਥੋਂ ਨਵਾਬਾਂ ਨੂੰ ਕੁਟਵਾ ਦਿੰਦਾ। ਉਹਦੀ ਮਾਂ ਨੇ ਕਹਿਣਾ ਇਹ ਗਲਤ ਹੈ, ਕਦੇ ਨੌਕਰਾਂ ਨੇ ਨਵਾਬਾਂ ਨੂੰ ਕੁਟਿਆ ਹੈ ? ਤੂੰ ਗਲਤ ਪੜ੍ਹ ਰਿਹਾ ਏਂ। ਆਸਤਰੋਵਸਕੀ ਗੁਸੇ ਵਿਚ ਕਹਿੰਦਾ ਹਾਂ ਮੈਂ ਚਾਹੁੰਦਾ ਹਾਂ ਕਿ ਨੌਕਰ ਮਾਲਕ ਨਵਾਬਾਂ ਨੂੰ ਕੁਟਣ। ਮੀਤ ਵੀ ਇਵੇਂ ਕਰਦਾ ਹੈ। ਉਹ ਚਾਹੁੰਦਾ ਹੈ ਕਿ ਦਲਤ ਵਰਗ ਦੇ ਲੋਕ ਕਿਤੇ ਵੀ ਹੋਣ ਆਪਣੀ ਜਮਾਤ ਨੂੰ ਨਾ ਭੁਲਣ।

ਹੁਣੇ ਜਿਹੇ ਸਮਤਾ ਵਿਚ ਛਪੀ ਕਹਾਣੀ 'ਸ਼ਨਾਖਤ' ਬਹੁਤ ਅਹਿਮ ਕਹਾਣੀ ਹੈ। ਇਸ ਕਹਾਣੀ ਦਾ ਨਾਇਕ ਨਿਮਨ ਵਰਗ ਵਿਚ ਜੰਮਿਆ ਇਕ ਥਾਣੇਦਾਰ ਹੈ। ਜਿਸਨੇ ਵਿਰੋਧੀ ਜਮਾਤ ਦੀ ਸੇਵਾ ਕਰਕੇ, ਆਪਣੀ ਜਮਾਤ ਨੂੰ ਵਿਸਾਰ ਕੇ ਇਹ ਔਹਦਾ ਪਰਾਪਤ ਕੀਤਾ ਹੈ। ਅਤੇ ਹਾਕਮ ਜਮਾਤ ਦੇ ਸੇਵਾਕਾਰ ਵਜੋਂ ਆਪਣਾ ਨਾਂ ਬਣਾਇਆ ਹੈ। ਉਪਰਲੇ ਅਫਸਰ ਉਹਨੂੰ ਸਦਾ ਲਈ ਆਪਣੀ ਜਮਾਤ ਦੇ ਮੋਹਰੇ ਵਜੋਂ ਵਰਤਣ ਦੇ ਇਛਕ ਹਨ। ਪਰੰਤੂ ਬਘੇਲ ਸਿੰਘ ਵੀ ਆਖਰ ਮਨੁਖ ਸੀ। ਬੇਸ਼ੱਕ ਉਸਦੀ ਮਨੁਖਤਾ ਚੇਤਨਾ ਜੋ ਅਣਹੋਂਦ ਕਾਰਨ ਦੱਬੀ ਗਈ ਸੀ, ਪਰ ਮਰੀ ਨਹੀਂ ਸੀ। ਫੜੇ ਨਕਸਲੀਆਂ ਤੇ ਉਹਨਾਂ ਤੇ ਕੀਤੇ ਜ਼ੁਲਮ ਨਾਲ ਉਸਦੀ ਮਨੁਖੀ ਆਤਮਾ ਤੋਂ ਧੂੜ ਝੜ ਗਈ ਸੀ ਤੇ ਉਹ ਜਾਗ ਪਈ ਸੀ। ਇਸੇ ਲਈ ਬਘੇਲ ਸਿੰਘ ਨੇ ਔਹਦਿਆਂ ਦਾ ਮੋਹ ਤਿਆਗ ਕੇ ਸਚਾਈ, ਆਪਣੀ ਜਮਾਤ ਦੇ ਹੱਕ ਵਿਚ ਖੜੋਣ ਦਾ ਫੈਸਲਾ ਕਰਦਾ ਹੈ ਅਤੇ ਆਪਣੇ ਹੱਥੀਂ ਹੀ ਇਕ ਸਟਾਰ ਲਾਹ ਕੇ ਆਪਣੀ ਜੇਬ ਵਿਚ ਪਾ ਲੈਂਦਾ ਹੈ। ਇਹ ਮੀਤ ਦੀ ਕਲਾ ਦਾ ਆਸ਼ਾਵਾਦ ਤੇ ਇਛਤ ਯਥਾਰਥ ਹੈ।

ਇਸ ਤਰ੍ਹਾਂ ਮਿਤਰ ਸੈਨ ਮੀਤ ਆਸ਼ਾਵਾਦ ਤੇ ਇੱਛਤ ਯਥਾਰਥ ਨੂੰ ਆਪਣੀ ਕਲਾ ਦਾ ਧੁਰਾ ਬਣਾਉਂਦਾ ਹੋਇਆ ਮਜ਼ਦੂਰ ਤੇ ਦਲਿਤ ਜਮਾਤਾਂ ਲਈ ਬੇਤਰਤੀਬ

ਪਾਤਰਾਂ ਦੇ ਮਾਡਲ ਪੇਸ਼ ਕਰਦਾ ਹੈ। ਦਿਨੋਂ ਦਿਨ ਡੂੰਘੇ ਹੋ ਰਹੇ ਆਰਥਕ ਸੰਕਟ ਵਿਚ ਜਮਾਤੀ ਸੰਘਰਸ਼ ਦਾ ਉਠਣਾ ਤੇ ਤਿਖੇ ਹੋਣਾ ਅਵੱਸ਼ਕ ਹੈ। ਜਮਾਤੀ ਸੰਘਰਸ਼ ਦੀ ਉਚੀ ਪੱਧਰ ਉਹ ਭੱਠੀ ਹੈ : ਜਿਹੜੀ ਸਾਰੇ ਜਮਾਤੀ ਖੋਟ ਝਾੜਕੇ ਵਿਅਕਤੀਆਂ ਨੂੰ ਕੁੰਦਨ ਬਣਾ ਦੇਵੇਗੀ। ਮੀਤ ਨੇ ਆਪਣੀ ਦੂਰ ਦਰਸ਼ੀ ਨਾਲ ਭਵਿਖ ਦੀ ਹੋਣੀ ਨੂੰ ਭਾਂਪ ਲਿਆ ਹੈ। ਠੰਡੇ ਦੇਸ਼ਾਂ ਵਿਚ ਛੋਡਰ ਕਾਵਾਂ ਨੂੰ ਬਹਾਰ ਦੇ ਦੂਤ ਕਿਹਾ ਜਾਂਦਾ ਹੈ। ਜਦੋਂ ਉਹ ਆਉਂਦੇ ਹਨ, ਤਾਂ ਬਹਾਰ ਆਈ ਕੁ ਆਈ ਹੁੰਦੀ ਹੈ। ਇਸੇ ਤਰ੍ਹਾਂ ਮੀਤ ਦੀ ਕਲਾ ਭਵਿੱਖ ਮੁੱਹੀਂ ਤੇ ਸੰਘਰਸ਼ ਦੀ ਅਗਵਾਨੂ ਹੈ।

—ਸੁਰਜੀਤ ਗਿੱਲ

---

## ਨਵੀਂ ਪਿਰਤ

– ਹਰੀਸ਼ ਮਲਹੋਤਰਾ ਬ੍ਰਮਿੰਘਮ

ਅਤੀਤ ਇਨਸਾਨ ਨਾਲ ਪ੍ਰਛਾਂਵੇਂ ਵਾਂਗ ਰਹਿੰਦਾ ਹੈ ਅਤੇ ਇਸਨੂੰ ਭੁਲਾਇਆ ਨਹੀਂ ਜਾ ਸਕਦਾ। ਤੇ ਸ਼ਾਇਦ ਇਸੇ ਕਰਕੇ ਕਹਿੰਦੇ ਹਨ ਕਿ ਜੋ ਵੀ ਅਸੀਂ ਵੱਡੇ ਹੋ ਕੇ ਬਣਦੇ ਹਾਂ ਉਸ ਵਿਚ ਅਤੀਤ ਦਾ ਵੱਡ-ਮੁੱਲਾ ਹਿੱਸਾ ਹੁੰਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇਨਸਾਨ ਦੀ ਸਖਸ਼ੀਅਤ ਬਨਾਉਣ ਵਿਚ ਦੋ ਮਹੱਤਵ ਪੂਰਨ ਤੱਤ (1) ਕਰੋਮੋਸੋਮਜ਼ ਅਤੇ (2) "ਵਾਤਾਵਰਣ" ਅਹਿਮ ਹਿੱਸਾ ਪਾਉਂਦੇ ਹਨ।

ਬਰਤਾਨੀਆਂ ਆਉਣ ਤੇ ਸਾਡਾ ਵਾਤਾਵਰਣ ਬਦਲ ਗਿਆ ਹੈ ਪਰ ਦੇਸ਼ ਪਿਆਰ ਸਾਡੇ ਨਾਲ ਰਿਹਾ ਹੈ। ਜ਼ਿੰਦਗੀ ਦੇ ਮੁੱਢਲੇ ਵਰ੍ਹੇ ਦੇਸ਼ ਬਿਤਾਏ ਹੋਣ ਕਰਕੇ ਸਾਡੇ ਨਾਲ ਜੁੜੇ ਹੋਏ ਹਨ। ਉਥੇ ਰਹਿੰਦਿਆਂ ਵੀ ਕਈ ਕਿਸਮ ਦੇ ਅਰਮਾਨ ਮਨਾਂ ਵਿਚ ਸਨ ਕਿ ਆਪਣੇ ਲੋਕਾਂ ਦੀ ਹਾਲਤ ਨੂੰ ਸੁਖਾਵਾਂ ਬਨਾਉਣ ਲਈ ਕੁਝ ਕੀਤਾ ਜਾਵੇ। ਪਰ ਇਨਸਾਨ ਦੇ ਹਾਲਾਤ ਉਹਨੂੰ ਕੁਝ ਬਣਾ ਦਿੰਦੇ ਹਨ। ਵੈਸੇ ਵੀ ਦੇਖਿਆ ਜਾਵੇ ਤਾਂ ਸਾਡੇ ਆਪਣੇ ਸੀਮਤ ਜਿਹੇ ਸਾਧਣ ਹਨ ਅਤੇ ਇਸ ਸੀਮਤ ਜਿਹੇ ਜ਼ਿੰਦਗੀ ਦੇ ਸਮੇਂ ਵਿਚ ਸੀਮਤ ਜਿਹੇ ਕੰਮ ਕੀਤੇ ਜਾ ਸਕਦੇ ਹਨ। ਆਪਣੀ ਸ਼ਰੀਰਕ ਬਣਤਰ ਵਲ ਅਸੀਂ ਦੇਖੀਏ ਤਾਂ ਸਾਡੇ ਕੋਲ ਇਕ ਦਿਮਾਗ, ਦੋ ਅੱਖਾਂ, ਦੋ ਕੰਨ, ਦੋ ਬਾਹਾਂ ਅਤੇ ਦੋ ਲੱਤਾਂ ਆਦਿ ਹਨ।

ਉਹ ਲੋਕ ਜੋ ਆਪਣੇ ਆਪ ਨੂੰ ਪ੍ਰਗਤੀਸ਼ੀਲ ਕਹਾਉਂਦੇ ਹਨ ਉਹਨਾਂ ਦੇ ਮਨਾਂ ਵਿਚ ਲੋਕਾਂ ਲਈ ਕੁਝ ਕਰਨ ਦੀ ਤੜਪ ਵੀ ਰਹਿੰਦੀ ਹੈ ਅਤੇ ਉਹ ਜਿੰਨਾਂ ਵੀ ਯਥਾਯੋਗ ਦਾਨ ਪਾ ਸਕਣ ਪਾਉਂਦੇ ਹਨ। ਪਿੰਡ ਰਹਿੰਦਿਆਂ ਮਨ ਵਿਚ ਕਈ ਵਾਰ ਖਿਆਲ ਆਉਂਦਾ ਸੀ ਕਿ ਪਿੰਡ ਵਿਚ ਇਕ ਲਾਇਬਰੇਰੀ ਖੋਲ੍ਹੀ ਜਾਵੇ, ਡਿਸਪੈਂਸਰੀ ਜਾਂ ਹਸਪਤਾਲ ਦਾ ਪ੍ਰਬੰਧ ਕੀਤਾ ਜਾਵੇ, ਪਿੰਡ ਦੇ ਬੱਚਿਆਂ ਨੂੰ ਮੁਫਤ ਟਿਊਸ਼ਨ ਪੜ੍ਹਾਈ ਜਾਵੇ ਤੇ ਉਹਨਾਂ ਨੂੰ ਸਮਾਜਿਕ ਅਤੇ ਸਿਆਸੀ ਢਾਂਚੇ ਦੇ ਗੰਦੇ ਪਹਿਲੂਆਂ ਨੂੰ ਬਦਲਣ ਲਈ ਤਿਆਰ ਕੀਤਾ ਜਾਵੇ ਅਤੇ ਸਮਾਜ ਵਿਚੋਂ ਵਹਿਮਾਂ ਭਰਮਾਂ ਅਤੇ ਧਾਰਮਿਕ ਜਨੂੰਨ ਦਾ ਸਫਾਇਆ ਕੀਤਾ ਜਾਵੇ। ਪਰ ਜਦ ਇਨ-ਸਾਨ ਦੀ ਆਪਣੀ ਹੋਂਦ ਨੂੰ ਖਤਰਾ ਹੋਣ ਲੱਗ ਪਵੇ ਤਾਂ ਉਹਦੇ ਬਚਾਅ ਦਾ ਉਹ ਪਹਿਲਾਂ ਖਿਆਲ ਕਰਦਾ ਹੈ ਤਾਂ ਕਿ ਉਹ ਮਿਥੇ/ਹੋਏ ਕੰਮਾਂ ਨੂੰ ਨੇਪਰੇ ਚਾੜ੍ਹ ਸਕੇ।

ਬਰਤਾਨੀਆਂ ਵਿਚ ਆਂ ਕੇ ਅਸੀਂ ਪੈਸੇ ਵਲੋਂ ਕੁਝ ਸੌਖੇ ਹਾਂ ਅਤੇ ਕੁਝ ਕਰਨ ਦੀ ਤਮੰਨਾਂ ਇਸ ਰੰਗੀਲੇ ਸਭਿਆਚਾਰ ਵਿਚ ਵੀ ਅਜੇ ਮਰੀ ਨਹੀਂ ਹੈ। ਇਸੇ ਸੰਦਰਭ ਵਿਚ ਮੇਰੇ ਮਨ 'ਚ ਕਾਫੀ ਦੇਰ ਦਾ ਇਹ ਖਿਆਲ ਰਿੜਕ ਹੁੰਦਾ ਰਿਹਾ ਹੈ ਕਿ ਪੰਜਾਬੀਆਂ ਨੂੰ ਕਿਤਾਬਾਂ ਪੜ੍ਹਨ ਵਲ ਜ਼ਰੂਰ ਲਾਇਆ ਜਾਣਾ ਚਾਹੀਦਾ ਹੈ। ਮੈਂ ਆਪਣੇ ਪਿੰਡ ਲੱਲੀਆਂ ਕਲਾਂ ਜ਼ਿਲਾ ਜਲੰਧਰ ਦੇ ਗੌ: ਹਾਈ ਸਕੂਲ ਦੇ ਦਸਵੀਂ ਅਤੇ ਅੱਠਵੀਂ ਦੇ ਵਿਦਿਆਰਥੀਆਂ ਲਈ ਇਕ ਇਨਾਮ ਦੀ ਪ੍ਰਥਾ ਚਾਲੂ ਕਰਨਾ ਚਾਹੁੰਦਾ ਹਾਂ। ਇਸ ਇਨਾਮ ਦਾ ਨਾਂ "ਵਾਰਿਸ ਸ਼ਾਹ ਇਨਾਮ" ਰੱਖਿਆ ਗਿਆ ਹੈ ਤੇ ਇਸ ਇਨਾਮ ਵਿਚ ਸਾਹਿਤਕ ਕਿਤਾਬਾਂ ਦਾ ਸੈਟ ਹੋਇਆ ਕਰੇਗਾ। ਇਹਨਾਂ ਉੱਚੀ ਪੱਧਰ, ਅਤੇ ਅਗਾਂਹ ਵਧੂ ਕਿਤਾਬਾਂ ਦੀ ਚੋਣ ਮੈਂ ਖੁੱਦ ਆਪ ਕਰਿਆ ਕਰਾਂਗਾ। ਉਦਾਹਰਣ ਦੇ ਤੌਰ ਤੇ ਪੰਜਾਬ ਵਿਚ ਬਣੀ ਰੈਸ਼ਨੇਲਿਸਟ ਸੁਸਾਇਟੀ ਦੁਆਰਾ ਪ੍ਰਕਾਸ਼ਤ ਕਿਤਾਬਾਂ ਦਾ ਸੈਟ। ਕਿਤਾਬਾਂ ਦਾ "ਵਾਰਿਸ ਸ਼ਾਹ ਇਨਾਮ" ਦਸਵੀਂ ਅਤੇ ਅੱਠਵੀਂ ਜਮਾਤ ਦੇ ਪਹਿਲੇ, ਦੂਜੇ ਅਤੇ ਤੀਜੇ ਨੰਬਰ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਕੂਲ ਵਿਚ ਹਰ ਸਾਲ ਦਿਤਾ ਜਾਇਆ ਕਰੇਗਾ। ਇਨਾਮ ਵਿਚ ਸ਼ਾਮਲ ਕਿਤਾਬਾਂ ਪੰਜਾਬੀ ਦੀਆਂ ਹੀ ਹੋਇਆ ਕਰਨਗੀਆਂ।

ਇਸ ਇਨਾਮ ਦਾ ਨਾਂ ਰੱਖਣ ਤੇ ਵੀ ਮੈਂ ਆਪਣੇ ਸੁਹਿਰਦ ਦੋਸਤਾਂ ਨਾਲ ਮਸ਼ਵਰਾ ਕੀਤਾ ਸੀ। ਟੈਗੋਰ, ਭਗਤ ਸਿੰਘ, ਊਧਮ ਸਿੰਘ, ਮੁਨਸ਼ੀ ਪ੍ਰੇਮ ਚੰਦ, ਲਾਲਾ ਹਰਦਿਆਲ ਅਤੇ ਸੁਭਾਸ਼ ਚੰਦਰ ਦੇ ਨਾਵਾਂ ਤੋਂ ਇਲਾਵਾ ਗੁਰੂ ਨਾਨਕ, ਅਤੇ ਵਿਵੇਕਾਨੰਦ ਦੇ ਨਾਂ ਵੀ ਦਿਮਾਗ ਵਿਚ ਆਏ ਸਨ। ਪਰ ਮੈਂ ਮਹਿਸੂਸ ਕੀਤਾ ਕਿ ਇਹਨਾਂ ਵਿਚੋਂ ਕਿਸੇ ਇਕ ਦਾ ਨਾਂ ਇਨਾਮ ਨਾਲ ਜੋੜਨ ਤੇ ਧਾਰਮਿਕ ਜਾਂ ਫਿਰਕੂ ਜ਼ਾਤ-ਪਾਤ ਰੰਗਤ ਨਾਂ ਚੜ੍ਹ

ਜਾਵੇ। "ਵਾਰਿਸ" ਪੰਜਾਬੀਆਂ ਦਾ ਮਹਾਨ ਸਾਹਿਤਕ ਸਪੂਤ ਹੈ ਅਤੇ ਨਾਲੇ ਇਸ ਗੱਲ ਨਾਲ ਬਾਰਡਰੋਂ ਪਾਰ ਬੈਠੇ ਪੰਜਾਬੀਆਂ ਨੂੰ ਵੀ ਅਸੀਂ ਵਿਚ ਲਪੇਟਦੇ ਹਾਂ। ਪੰਜਾਬੀ ਲੋਕ ਪੰਜਾਬੀ ਹੀ ਹਨ ਚਾਹੇ ਉਹ ਪਾਕਿਸਤਾਨ, ਕੈਨੇਡਾ, ਬਰਤਾਨੀਆਂ, ਅਮਰੀਕਾ ਜਾਂ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਬੈਠੇ ਹੋਣ।

ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਮੇਰੀ ਇਹ ਪਿਰਤ ਭਾਵੇਂ ਇਕ ਨਿਗੂਣੀ ਜਿਹੀ ਕੋਸ਼ਿਸ਼ ਹੈ ਪਰ ਅਗਰ ਅਸੀਂ ਬਹੁਤੇ ਲੋਕ ਆਪਣੇ ਆਪਣੇ ਪਿੰਡ, ਕਸਬੇ ਜਾਂ ਇਲਾਕੇ ਵਿਚ ਇਹੋ ਜਿਹੀਆਂ ਪਿਰਤਾਂ ਸ਼ੁਰੂ ਕਰੀਏ ਤਾਂ ਦੁਨੀਆਂ ਨੂੰ ਹੋਰ ਜ਼ਿਆਦਾ ਖੁਸ਼ਹਾਲ ਅਤੇ ਸੋਹਣਾ ਬਣਾਉਣ ਵਿਚ ਹਿੱਸਾ ਪਾਵਾਂਗੇ।

ਸਾਥੀਆਂ ਦੇ ਉਸਾਰੂ ਵਿਚਾਰਾਂ ਦੀ ਉਡੀਕ ਰਹੇਗੀ।

0

---

## 'ਔਰਤ ਧਰਮ ਦੇ ਪਰਛਾਵੇਂ ਹੇਠ'

–ਪ੍ਰੀਤ ਫਰੀਦਕੋਟੀ

ਔਰਤ ਸਾਡੇ ਸਮਾਜ ਦਾ ਮਹੱਤਵ ਪੂਰਨ ਅੰਗ ਹੈ। ਸੰਸਾਰ ਦੀ ਅੱਧੀ ਵਸੋਂ ਔਰਤਾਂ ਦੀ ਹੈ। ਇਨ੍ਹਾਂ ਅੱਧ ਬਣਦੀਆਂ,ਔਰਤਾਂ ਨੂੰ ਇਹ ਸਮਾਜਕ ਪ੍ਰਬੰਧ ਕੀ ਦਿੰਦਾ ਹੈ। "ਵੇਸਵਾ–ਗਮਨੀ ਦਾਜ ਵਰਗੀ ਲਾਹਨਤ, ਬਲਾਤ–ਕਾਰ ਆਦਿ"। ਪੇਟ ਦੀ ਅੱਗ ਖਾਤਰ ਆਪਣੇ ਆਪ ਨੂੰ ਵੇਚਣਾ ਪੈ ਰਿਹਾ ਹੈ। ਕਿਰਤ ਦੀ ਗੁਲਾਮੀ ਦੇ ਨਾਲ ਨਾਲ ਉਸਨੂੰ ਮਰਦ ਦੀ ਗੁਲਾਮੀ ਦਾ ਵੀ ਸਾਮਣਾ ਕਰਨਾ ਪੈ ਰਿਹਾ ਹੈ। ਅਜੋਕੇ ਸਮੇਂ ਵਿਚ ਵੀ ਜਨਮ ਤੋਂ ਪਹਿਲਾਂ ਔਰਤ ਨਾਲ ਵਧੀਕੀਆਂ ਸ਼ੁਰੂ ਹੋ ਜਾਂਦੀਆਂ ਹਨ। ਕੁਝ ਨੂੰ ਤਾਂ ਗਰਭ ਸਮੇਂ ਹੀ ਟੈਸਟਾਂ ਦੁਆਰਾ ਪਤਾ ਲਗਾ ਕੇ ਕਤਲ ਕਰ ਦਿਤਾ ਜਾਂਦਾ ਹੈ। ਜਨਮ ਸਮੇਂ ਵੀ ਲੜਕੇ ਦੇ ਜਨਮ ਦੀ ਖੁਸ਼ੀ ਅਤੇ ਲੜਕੀ ਨੂੰ ਅਣ–ਚਾਹੀ ਸੰਤਾਨ ਸਮਝਿਆ ਜਾਂਦਾ ਹੈ। ਗਰਭਵਤੀ ਔਰਤਾਂ ਨੂੰ ਲੜਕਾ ਪੈਦਾ ਕਰਨ ਦਾ ਆਸ਼ੀਰਵਾਦ ਦਿਤਾ ਜਾਂਦਾ ਹੈ। ਪਹਿਲਾਂ ਪਹਿਲ ਜਨਮ ਸਮੇਂ ਹੀ ਲੜਕੀ ਨੂੰ ਮਾਰ ਦਿਤਾ ਜਾਂਦਾ ਸੀ।

ਉਪਰੋਕਤ ਗੱਲਾਂ ਤੋਂ ਇਲਾਵਾ ਸਾਡੇ ਸਮਾਜ ਵਿਚ ਔਰਤ ਦੀ ਹਾਲਤ ਬੜੀ ਤਰਸਯੋਗ ਹੈ। ਬਿਨਾਂ ਔਰਤ ਦੇ ਅੰਗ ਪ੍ਰਦਰਸ਼ਨ ਦੇ ਇਸ਼ਤਿਹਾਰ ਬਾਜੀ ਹੁੰਦੀ ਹੀ ਨਹੀਂ। ਭਰੇ ਬਜ਼ਾਰਾਂ ਵਿਚ ਔਰਤ ਦੀ ਕੀਮਤ ਤਿੰਨ ਹਜ਼ਾਰ ਰੁਪਏ ਤੱਕ ਪਾਈ ਜਾਂਦੀ ਹੈ। ਕਾਰਖਾਨੇ ਵਿਚ ਬੇਸ਼ੱਕ ਔਰਤਾਂ ਮਰਦ ਦੇ ਬਰਾਬਰ ਕੰਮ ਕਰਨ ਪਰ ਤਨਖਾਹ ਜ਼ਰੂਰ ਘੱਟ।

ਔਰਤ ਦੀ ਅਜਿਹੀ ਹਾਲਤ ਕਿਸੇ ਇਕ ਦਿਨ ਨਹੀਂ ਸਗੋਂ ਸਮਝੀ ਸਕੀਮ ਅਧੀਨ ਕੀਤੀ ਗਈ ਹੈ। ਬੀਤੇ ਸਮੇਂ ਵਿਚ ਰਾਜੇ ਮਹਾਰਾਜੇ ਔਰਤਾਂ ਦੇ ਹਰਮ ਬਣਾ ਕੇ ਐਸ਼ ਕਰਦੇ ਸਨ ਅਤੇ ਸਮੇਂ ਦੇ ਵਿਦਵਾਨਾਂ ਕੋਲੋਂ ਔਰਤ ਨੂੰ ਜੁੱਤੀ ਅਖਵਾਉਂਦੇ ਸਨ। ਔਰਤ ਨੂੰ ਜਾਦੂਗਰਨੀ, ਵੇਸਵਾ, ਨਾਗਨ, ਮਸੀਬਤ ਦਾ ਘੜਾ, ਆਦਿ ਨਾਮ ਬੀਤੇ ਸਮੇਂ ਵਿਚ ਹੀ ਦਿਤੇ ਜਾ ਚੁਕੇ ਸਨ। "ਵਿਦਵਾਨਾਂ" ਅਨੁਸਾਰ ਔਰਤ, ਜਿਸ ਦਾ ਨਾਮ ਚਲਿਤਰ, ਧੋਖਾ, ਅਤੇ ਅਵਿਸ਼ਵਾਸ਼ ਹੈ। ਧਰਮ ਗਰੰਥਾਂ ਵਿਚ ਔਰਤ ਵਿਰੁੱਧ ਇਨੇ ਘਟੀਆ ਸ਼ਬਦ ਦਰਜ ਕੀਤੇ ਹਨ ਕਿ ਜੇਕਰ ਸਾਰੇ ਘਟੀਆ ਸ਼ਬਦਾਂ ਨੂੰ ਇਕੱਠੇ ਕਰੀਏ ਤਾਂ ਇਕ ਵੱਡੀ ਕਿਤਾਬ ਬਣ ਸਕਦੀ ਹੈ।

ਇਤਿਹਾਸ ਗਵਾਹ ਹੈ ਕਿ ਧਰਮ ਨੇ ਔਰਤ ਉਤੇ ਬਹੁਤ ਤਸ਼ੱਦਦ ਕੀਤਾ। ਲਗਭਗ ਸਾਰੇ ਹੀ ਧਰਮਾਂ ਨੇ ਔਰਤ ਨੂੰ ਪੈਰਾਂ ਥੱਲੇ ਰੋਲਿਆ ਗਿਆ। ਬੈਬੀਲੋਨੀਆਂ ਦੇ ਮੰਦਰਾਂ ਵਿਚ ਦੇਵਤਾ ਦੀ ਮੂਰਤੀ ਅਗੇ ਨਗਨ ਨਚਾਇਆ ਗਿਆ। ਪਤੀ ਦੀ ਮੌਤ ਤੇ ਸਤੀ ਬਣਨਾ ਲਗਭਗ ਹਰ ਦੇਸ਼ ਵਿਚ ਹੀ ਪ੍ਰਚੱਲਤ ਸੀ। ਮਿਸਰ ਦੇ ਪਿਰਾਮਿਡ ਗਵਾਹ ਹਨ ਕਿ ਔਰਤ ਨੂੰ ਉਥੇ ਵੀ ਪਤੀ ਦੀ ਮੌਤ ਉਪਰੰਤ ਮਰਨਾ ਪੈਂਦਾ ਸੀ। ਇਹ ਪ੍ਰਥਾ ਭਾਰਤ ਨੇ ਵੀ ਅਪਣਾਈ।

ਹਿੰਦੂ ਧਰਮ ਵਿੱਚ ਔਰਤ ਦੀ ਜੋ ਦੁਰਗਤੀ ਹੋਈ ਉਹ ਕਹਿਣ ਸੁਣਨ ਤੋਂ ਬਾਹਰ ਹੈ। ਰਮਾਇਣ ਵਿਚ ਜਿਥੇ ਸੀਤਾ ਦੀ ਪਤੀ ਭਗਤੀ ਦੀ ਪ੍ਰਸ਼ੰਸਾ ਕੀਤੀ ਗਈ ਉਥੇ ਦਰੋਪਤੀ ਦੇ ਪੰਜ ਪਤੀ ਹੋਣ ਦਾ ਕਿਸੇ ਨੇ ਨਾ ਵਿਰੋਧ ਕੀਤਾ। ਨਾ ਹੀ ਕ੍ਰਿਸ਼ਨ ਦੀਆਂ 1600 ਗੋਪੀਆਂ ਦਾ। ਧਰਮ ਦੇ ਠੇਕੇਦਾਰਾਂ ਨੇ ਰਾਮ ਦੇ ਇਕ ਪਤਨੀ ਵਰਤੀ ਹੋਣ ਦੀ ਥਾਂ ਥਾਂ ਪਰਸੰਸਾ ਕੀਤੀ। ਪਰ ਬਹੁ–ਪਤਨੀ ਵਾਦੀ ਦਸਰਥ ਦੀ ਨਿੰਦਾ ਕਿਸੇ ਨਾ ਕੀਤੀ। ਦੋਨੋਂ ਕਾਲ ਵਿਚ ਔਰਤ ਮਰਦ ਦੀ ਦਾਸੀ ਰਹੀ।

ਧਾਰਮਿਕ ਮੱਠਾਂ ਵਿਚ ਔਰਤ ਦੇ ਨਗਨ ਦ੍ਰਿਸ਼ ਆਮ ਵੇਖਣ ਨੂੰ ਮਿਲਦੇ ਹਨ। ਹਿੰਦੂ ਧਰਮ ਦੇ ਵਿਦ–ਵਾਨ ਮੰਨ ਅਨੁਸਾਰ ਆਦਮੀ ਨੂੰ ਖਰਾਬ ਕਰਨਾ ਔਰਤ ਦਾ ਸੁਭਾ ਹੈ। ਇਸ ਲਈ ਅਕਲਮੰਦ ਆਦਮੀ ਨੂੰ ਇਸ ਤੋਂ ਬਚਣਾ ਚਾਹੀਦਾ ਹੈ। ਔਰਤ ਬਚਪਨ ਵਿਚ ਪਿਤਾ ਅਧੀਨ, ਜਵਾਨੀ ਪਤੀ ਅਧੀਨ, ਅਤੇ ਪਤੀ ਦੀ ਮੌਤ ਉਪਰੰਤ ਪੁਤਰਾਂ ਅਧੀਨ ਰਹੇ। ਔਰਤ ਕਦੇ ਵੀ ਅਜ਼ਾਦ ਨਾ ਰਹੇ"। ਮੰਨੂ ਅਗੇ ਜਾ ਕੇ ਲਿਖਦਾ ਹੈ ਕਿ ਔਰਤ

ਨੂੰ ਵੇਦ ਪੜ੍ਹਨ ਦਾ ਕੋਈ ਅਧਿਕਾਰ ਨਹੀਂ; ਇਸ ਕਰਕੇ ਅੱਜ ਵੀ ਦੱਖਣੀ ਭਾਰਤ ਦੇ ਕਈ ਹਿਸਿਆਂ ਵਿਚ ਔਰਤ ਦੀ ਮੌਤ ਉਤੇ ਮੰਤਰ ਪੜ੍ਹੇ ਜਾਣ। ਰਿਗ ਵੇਦ ਅਨੁਸਾਰ ਔਰਤ ਦੌਸਤੀ ਦੇ ਹੱਕਦਾਰ ਨਹੀਂ ਹੈ,- ਕਿਉਂਕਿ ਇਹ ਪੁਠੇ ਰਾਹ ਪਾਉਂਦੀ ਹੈ। ਔਰਤ ਅਸ਼ੁਭ ਤੇ ਮੂਰਖ ਹੁੰਦੀ ਹੈ, ਇਸ ਦੇ ਦਿਲ ਲੱਕੜ ਬੱਗੇ ਵਾਂਗ ਬੇਤਰਿਮ ਹੁੰਦੇ ਹਨ।

ਬੁਧ ਧਰਮ ਦੇ ਆਉਣ ਨਾਲ ਔਰਤ ਦੇ ਅਧਿਕਾਰਾਂ ਦੀ ਰਹੀ ਸਹੀ ਕਸਰ ਵੀ ਪੂਰੀ ਹੋ ਗਈ। ਬੋਧੀ ਸੰਤਾਂ ਨੇ ਔਰਤ ਨੂੰ ਭੋਗ ਤੇ ਵਿਲਾਸ ਦਾ ਸਾਧਨ ਗਿਣਨਾ ਸ਼ੁਰੂ ਕਰ ਦਿਤਾ। ਬੁਧ ਧਰਮ ਅਨੁਸਾਰ ਔਰਤ ਨੂੰ ਦੇਖੋ ਮਤ, ਜੇ ਦੇਖਣਾ ਪਵੇ ਤਾਂ ਗੱਲ ਨਾ ਕਰੋ, ਤੇ ਜੇ ਗੱਲ ਕਰਨੀ ਪੈ ਜਾਏ ਤਾਂ ਸਦਾ ਹੁਸ਼ਿਆਰ ਰਹੋ। ਜੈਨ ਧਰਮ ਅਨੁਸਾਰ ਸੜਕ ਕਿਨਾਰੇ ਚੱਲਣ ਵਾਲੇ ਦੀਵੇ ਹਨ ਜੋ ਨਰਕ ਦਾ ਮਾਰਗ ਦਸਦੇ ਹਨ।

ਰਿਗ ਵੇਦ, ਕਾਲ ਵਿਚ ਵੀ ਬਹੁਪਤਨੀ ਪ੍ਰਥਾ ਦਾ ਪ੍ਰਮਾਣ ਮਿਲਦਾ ਹੈ। ਧਰਮ ਦੇ ਨਾਮ ਤੇ ਮਰਦ ਦੇ ਅਧਿਕਾਰ ਵਧਦੇ ਗਏ ਤੇ ਔਰਤ ਨੂੰ ਗੁਲਾਮ ਰੱਖਿਆ ਜਾਣ ਲੱਗਾ। ਔਰਤ ਨੂੰ ਭੋਗ ਵਿਲਾਸ ਤੇ ਸੰਤਾਨ ਉਤਪਤੀ ਦਾ ਸਾਧਨ ਬਣਾ ਲਿਆ ਗਿਆ। ਪ੍ਰਚੀਨ ਸ਼ਸਤਰਾਂ ਵਿਚ ਜਿਥੇ ਮਰਦ ਨੂੰ ਔਰਤ ਨਾਲ ਬਲਾਤਕਾਰ ਕਰਨ, ਸੰਤਾਨ ਪੈਦਾ ਕਰਨ ਲਈ ਮਜ਼ਬੂਰ ਕਰਨ ਅਤੇ ਸੰਤਾਨ ਖੋਹਣ ਦੇ ਅਧਿਕਾਰ ਪ੍ਰਾਪਤ ਹਨ, ਉਥੇ ਨਾਰਦ ਸਿਮਰਤੀ ਵਿਚ ਵਿਧਵਾ ਨੂੰ ਆਪਣੇ ਪਤੀ ਦੀ ਸੰਪਤੀ ਦਾ ਕੋਈ ਅਧਿਕਾਰ ਨਹੀਂ ਹੈ। ਨਾਰਦ ਨੇ ਵਿਧਵਾ ਵਿਆਹ ਦੀ ਅਨੁਮਤੀ ਦਿਤੀ ਹੈ ਪਰ ਮੰਨੂੰ ਨੇ ਵਿਰੋਧ ਕੀਤਾ ਹੈ। ਮੰਨੂੰ ਨੇ ਐਸੀ ਇਸਤਰੀ ਦਾ ਤਿਆਗ ਕਰਨ ਨੂੰ ਆਖਿਆ ਹੈ ਜੋ ਸਿਰਫ ਲੜਕੀਆਂ ਹੀ ਪੈਦਾ ਕਰਦੀ ਹੈ। ਧਰਮ ਗਰੰਥਾਂ ਵਿਚ ਅਜਿਹੀਆਂ ਉਦਾਹਰਣਾਂ ਆਮ ਮਿਲਦੀਆਂ ਹਨ ਜਿਥੇ ਪੰਡਤ, ਪੰਜਾਰੀਆਂ, ਨੂੰ ਦੂਸਰੀਆਂ ਵਸਤਾਂ ਦੇ ਨਾਲ ਲੜਕੀ ਵੀ ਦਾਨ ਵਿਚ ਦਿਤੀ ਜਾਂਦੀ ਸੀ। ਯੁਧਿਸ਼ਟਰ ਵਰਗੇ ਆਪਣੀ ਪਤਨੀ ਜੂਏ ਤੇ ਲਾ ਦਿੰਦੇ ਸਨ।

ਰਮਾਇਣ ਵਿਚ ਵੀ ਤੁਲਸੀ ਦਾਸ ਔਰਤਾਂ ਪ੍ਰਤੀ ਆਪਣੀ ਨਫਰਤ ਦਿਖਾਉਂਦੇ ਹੋਏ ਲਿਖਦਾ ਹੈ "ਜੇਕਰ ਔਰਤ ਅਜ਼ਾਦ ਹੋ ਜਾਵੇ ਤਾਂ ਪਾਪ ਦਾ ਰਾਹ ਖੁਲ੍ਹ ਜਾਵੇਗਾ"। ਉਸ ਨੇ ਇਕ ਨੁਸਖਾ ਵੀ ਦਿਤਾ ਹੈ।

"ਢੋਲ, ਪਿੰਡ ਦਾ ਬੁੱਧੂ ਸੂਦਰ, ਜਾਨਵਰ, ਔਰਤ ਸਭ ਕੁਟ ਦੇ ਕਾਬਲ ਹਨ"।

ਚਾਣਕਿਆਂ ਨੇ ਆਪਣੀ ਕਿਤਾਬ 'ਚਾਣਕ ਨੀਤੀ ਦਰਪਣ' ਵਿਚ ਲਿਖਿਆ ਹੈ ਕਿ ਇਸਤਰੀ ਗੱਲ ਕਿਸੇ ਨਾਲ ਕਰ ਰਹੀ ਹੁੰਦੀ ਹੈ, ਵੇਖ ਕਿਸੇ ਹੋਰ ਵੱਲ ਹੁੰਦੀ ਹੈ ਅਤੇ ਦਿਲ ਵਿਚ ਕਿਸੇ ਹੋਰ ਦਾ ਧਿਆਨ ਹੁੰਦਾ ਹੈ। ਚਾਣਕਿਆ ਲਿਖਦਾ ਹੈ ਕਿ ਔਰਤਾਂ ਝੂਠ ਕਪਟ, ਲਾਲਚ ਨਿਰਦਇਤਾ ਦਾ ਭੰਡਾਰ ਹੁੰਦੀਆਂ ਹਨ। ਵੇਦਾਂ ਵਿਚ ਥਾਂ ਥਾਂ ਪੁੱਤਰਾਂ ਨੂੰ ਪੈਦਾ ਕਰਨ ਅਤੇ ਧੀਆਂ ਨੂੰ ਰੋਕਣ ਲਈ ਤਾਗੇ ਤਵੀਤ ਕਰਨ ਦੇ ਢੰਗ ਦਰਸਾਏ ਗਏ ਹਨ।

ਈਸਾਈਆਂ ਦੇ ਪਵਿੱਤਰ ਗਰੰਥ ਬਾਇਬਲ ਅਨੁਸਾਰ ਜੇ ਕੋਈ ਆਦਮੀ ਕਿਸੇ ਔਰਤ ਨਾਲ ਵਿਆਹ ਕਰਵਾ ਲਵੇ ਅਤੇ ਬਾਅਦ ਵਿਚ ਉਹ ਔਰਤ ਉਸ ਨੂੰ ਚੰਗੀ ਨਾਂ ਲੱਗੇ ਤਾਂ ਆਦਮੀ ਨੂੰ ਚਾਹੀਦਾ ਹੈ ਕਿ ਉਹ ਔਰਤ ਨੂੰ ਘਰੋਂ ਕੱਢ ਦੇਵੇਂ। ਔਰਤ ਨੂੰ ਚਾਹੀਦਾ ਹੈ ਕਿ ਉਹ ਆਪਣੇ ਪਤੀ ਅਗੇ ਝੁਕ ਜਾਵੇ ਕਿਉਂਕਿ ਪਤੀ ਹੀ ਉਸ ਦਾ ਸਾਥੀ ਹੈ।

ਇਸਲਾਮ ਅਨੁਸਾਰ ਮਰਦਾਂ ਨੂੰ ਔਰਤ ਉਪਰ ਹਕੂਮਤ ਕਰਨ ਦਾ ਅਧਿਕਾਰ ਪ੍ਰਾਪਤ ਹੈ ਕਿਉਂਕਿ ਅੱਲਾ ਨੇ ਮਰਦ ਨੂੰ ਔਰਤ ਨਾਲੋਂ ਉਚਾ ਬਣਾਇਆ ਹੈ। ਕੁਰਾਨ ਅਨੁਸਾਰ 3-3, 4-4 ਔਰਤਾਂ ਨਾਲ ਵਿਆਹ ਕਰਵਾਉਣੇ ਜਾਇਜ਼ ਹਨ। ਪਤੀ ਜਦ ਚਾਹੇ ਪਤਨੀ ਨੂੰ ਤਲਾਕ ਦੇ ਸਕਦਾ ਹੈ। ਇਸ ਵਿਚ ਪਤਨੀ ਦੀ ਸਹਿਮਤੀ ਹੋਣੀ ਜ਼ਰੂਰੀ ਨਹੀਂ। ਪਰ ਪਤਨੀ ਆਪ ਤਲਾਕ ਨਹੀਂ ਲੈ ਸਕਦੀ। ਪਤਨੀ ਨੂੰ ਸਮਝਾਉਣ ਲਈ ਮਾਰਨਾ ਕੁਟਣਾ ਜਾਇਜ਼ ਹੈ।

ਇਹੀ ਨਹੀਂ ਇਕ ਸਮਾਜ ਸੁਧਾਰਕ ਰਾਮ ਕ੍ਰਿਸ਼ਨ ਦਾ ਸੁਨੇਹਾ ਸੀ ਔਰਤ ਤੇ ਦੌਲਤ ਸਾਰੀ ਦੁਨੀਆਂ ਨੂੰ ਪਾਪ ਦੇ ਰਾਹ ਤੋਰ ਦਿਤਾ ਹੈ। ਔਰਤ ਹਥਿਆਰ ਵਿਹੂਣੀ ਹੋ ਜਾਵੇਗੀ ਜੇ ਤੁਸੀਂ ਉਸ ਨੂੰ ਦੇਵੀ ਮਾਂ ਦੇ ਰੂਪ ਵਿਚ ਦੇਖੋ।

ਸੰਨ 1848 ਵਿਚ ਮਹਾਰਾਸ਼ਟਰ ਦੇ ਇਕ ਵਿਅਕਤੀ ਜੋਤਿਵਾ ਫੂਲੇ ਨੇ ਬੰਬਈ ਪਰਾਂਤ ਵਿਚ ਜਦੋਂ ਪਹਿਲਾਂ ਕੰਨਿਆ ਪਾਠਸ਼ਾਲਾ ਪੂੰਨਾ ਵਿਖੇ ਸਥਾਪਤ ਕੀਤਾ ਤਾਂ ਧਰਮ ਦੇ ਠੇਕੇਦਾਰਾਂ ਨੇ ਸ੍ਰੀ ਫੂਲੇ ਦਾ ਜ਼ੋਰਦਾਰ ਵਿਰੋਧ ਕੀਤਾ। ਇਹੀ ਨਹੀਂ ਸ੍ਰੀ ਫੂਲੇ ਦੇ ਪਿਤਾ ਨੇ ਵੀ ਉਸ ਨਾਲੋਂ ਨਾਤਾ ਤੋੜ ਲਿਆ।

ਹੁਣ ਸਵਾਲ ਇਹ ਹੈ ਕਿ ਸਚਮੁਚ ਹੀ ਔਰਤ ਦਾ ਇਹ ਰੂਪ ਹੈ ਜੋ ਧਰਮ ਗਰੰਥਾਂ ਵਿਚ ਦਰਜ ਹੈ। ਤਾਂ ਫਿਰ ਅਸੀਂ ਔਰਤ ਦੇ ਸਮਾਜ ਵਿਚ ਪਾਏ ਗਏ ਯੋਗਦਾਨ ਉਪਰ ਨਜ਼ਰ ਮਾਰੀਏ ਤਾਂ ਫਿਰ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਔਰਤ ਉਹ ਕੁਝ ਵੀ ਨਹੀਂ ਜੋ ਧਰਮ ਗਰੰਥਾਂ ਵਿਚ ਦਰਜ ਹੈ। ਮੈਡਮ ਕਿਊਰੀ ਨੂੰ ਕੌਣ ਭੁਲ ਸਕਦਾ ਹੈ ਜਿਸ ਨੇ ਰੇਡੀਅਮ ਦੀ ਖੋਜ ਕੀਤੀ। ਦੂਸਰੀ

ਸੰਸਾਰ ਜੰਗ ਦੌਰਾਨ ਰੂਸ ਦੀਆਂ ਔਰਤਾਂ ਜੇ ਉਥੇ ਦੇ ਮਰਦਾਂ ਦਾ ਸਾਥ ਨਾ ਦੇਂਦੀਆਂ ਤਾਂ ਲਾਜ਼ਮੀ ਤੌਰ ਤੇ ਉਥੇ ਫਾਸੀ ਜਰਮਨੀ ਦਾ ਰਾਜ ਹੁੰਦਾ। ਭਾਰਤ ਦੀ ਅਜ਼ਾਦੀ ਦੀ ਲੜਾਈ ਵਿਚ ਬਹੁਤ ਸਾਰੀਆਂ ਔਰਤਾਂ ਨੇ ਭਾਗ ਲਿਆ ਤੇ ਕੁਰਬਾਨੀਆਂ ਕੀਤੀਆਂ ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਉਦਾਹਰਣਾਂ ਹਨ ਜਿਨ੍ਹਾਂ ਵਿਚ ਔਰਤ ਨੇ ਹਰੇਕ ਖੇਤਰ ਵਿਚ ਮਹੱਤਵ ਪੂਰਨ ਰੋਲ ਅਦਾ ਕੀਤਾ।

ਅੱਜ ਔਰਤ ਸਮਾਜ ਦਾ ਮਹੱਤਵ ਪੂਰਨ ਅੰਗ ਹੈ। ਇਸ ਦੇ ਸਹਿਯੋਗ ਬਿਨਾਂ ਸੰਸਾਰ ਦੀ ਕਲਪਨਾਂ ਅਧੂਰੀ ਹੈ। ਅਜੇਹੇ ਵਿਗਿਆਨਿਕ ਯੁਗ ਵਿਚ ਲੋੜ ਹੈ ਔਰਤ ਦੇ ਹੱਕਾਂ ਨੂੰ ਸੁਰੱਖਿਅਤ ਕਰਨ ਦੀ ਉਸ ਨੂੰ ਮਰਦ ਦੇ ਬਰਾਬਰ ਸਥਾਨ ਦੇਣ ਦੀ। ਅਜੇਹੀਆਂ ਧਾਰਮਿਕ ਤੁਕਾਂ ਅਤੇ ਰਸਮਾਂ ਨੂੰ ਪਿਛਾੜਨ ਦੀ ਜੋ ਔਰਤ ਦੀ ਤਰੱਕੀ ਦੇ ਰਾਹ ਵਿਚ ਰੋੜਾ ਹਨ।

ਇੱਕ ਚਿੱਠੀ 0

---

## ਮਨੋ-ਵਿਸ਼ਲੇਸ਼ਣ ਦੀ ਇਹ ਫਿਰਕੂ ਵਿਧੀ !

ਗੁਰਸ਼ਰਨ ਭਾਅ ਜੀ,

ਫਿਰਕਾਪ੍ਰਸਤੀ ਸਾਡੇ ਸਮਾਜ ਅੰਦਰ ਐਨੀ ਕਹਿਰ ਭਰੀ ਵਬਾ ਬਣ ਸਕਦੀ ਹੈ—ਕਦੇ ਸੋਚਿਆ ਤੱਕ ਨਹੀਂ ਸੀ ! ਭਾਵੇਂ ਕਮਿ: ਇਨਕਲਾਬੀ ਲਹਿਰ ਦਾ ਅੱਡ ਅੱਡ ਸਿਆਸੀ ਧਾਰਾਵਾਂ 'ਚ ਵੰਡਿਆ ਜਾਣਾ ਵੀ ਕੋਈ ਘੱਟ ਅਫਸੋਸਨਾਕ ਨਹੀਂ ਪਰ ਮੇਰੇ ਮਨ ਨੂੰ ਉਦੋਂ ਬਹੁਤ ਵੱਡੀ ਠੇਸ (Shock) ਪਹੁੰਚੀ ਜਦ ਨਕਸਲ-ਬਾੜੀ ਲਹਿਰ ਨਾਲ ਜੁੜੀ ਰਹੀ ਇੱਕ ਨਾਮਵਰ ਸਾਹਿਤਕ ਸਖਸ਼ੀਅਤ (ਜੋ ਹੁਣ ਪੈਸਿਵ ਹੈ), ਨੂੰ ਅੱਡ ਅੱਡ ਗਰੁੱਪਾਂ ਤੇ ਸਖਸ਼ੀਅਤਾਂ ਵੱਲੋਂ ਲਈਆਂ ਅੱਡ ਅੱਡ ਸਿਆਸੀ ਪੋਜ਼ੀਸ਼ਨਾਂ ਦੀ ਬੁਨਿਆਦੀ ਵਜ੍ਹਾ ਉਹਨਾਂ ਦੇ ਧਾਰਮਿਕ ਪਿਛੋਕੜ 'ਚੋਂ ਦੇਖਣ ਜਾਂ ਦਰਸਾਉਣ ਦੀ ਫਿਰਕੂ ਵਿਧੀ ਦੀ ਜ਼ੋਰਦਾਰ ਵਕਾਲਤ ਕਰਦੇ ਦੇਖਿਆ। ਇਹ ਮੰਦਭਾਗਾ ਵਾਰਤਾਲਾਪ ਪਿਛਲੇ ਦਿਨੀਂ ਇੱਕ ਸਮਾਗਮ ਮੌਕੇ ਹੋਇਆ। ਸਾਹਿਤਕਾਰ ਸਾਹਿਬਾਨ ਦੀ ਇਹ ਜ਼ੋਰਦਾਰ ਧਾਰਨਾ ਸੀ ਕਿ ਇਸ ਮੌਕੇ ਵੱਖ ਵੱਖ ਸਿਆਸੀ ਧੜਿਆਂ ਜਾਂ ਵਿਅਕਤੀਆਂ ਵਲੋਂ ਅਪਣਾਈ ਸਮਝ, ਉਨਹਾਂ ਦੇ ਵਿਚਾਰਧਾਰਕ ਨਜ਼ਰੀਏ ਤੋਂ ਨਹੀਂ ਸਗੋਂ ਧਾਰਮਿਕ ਪਿਛੋਕੜ ਤੇ ਸੰਸਕਾਰਾਂ ਦੀ ਤਾਕਤ ਤੋਂ ਨਿਰਧਾਰਤ ਹੋ ਰਹੀ ਹੈ। ਆਪਣੇ ਮੱਤ ਦੀ ਪੁਸ਼ਟੀ ਲਈ ਓਸਨੇ ਪੈਗਾਮ ਗਰੁੱਪ ਦੇ ਆਗੂਆਂ ਅਤੇ ਡਾਕਟਰ ਧਰਮਵੀਰ ਤੇ ਬਿਸ਼ੇਸ਼ਰ ਰਾਮ ਦੀ ਉਦਾਹਰਨ ਦਿੱਤੀ। ਉਸਦੇ ਮਨੋ-ਵਿਸ਼ਲੇਸ਼ਣ ਅਨੁਸਾਰ ਪੰਜਾਬ ਅੰਦਰ ਪੈਦਾ ਹੋਏ ਮੌਜੂਦਾ ਸਿਆਸੀ-ਧਾਰਮਕ ਮਹੌਲ ਦੇ ਅਸਰ ਹੇਠ ਕਮਿਊਨਿਸਟ ਜਜ਼ਬਾ ਅਮਲੀ ਤੌਰ 'ਤੇ ਦਬ ਜਾਂ ਮਰ ਚੁੱਕਾ ਹੈ ਅਤੇ ਪੈਗਾਮ ਦੇ ਆਗੂਆਂ ਅੰਦਰਲਾ 'ਸਿੱਖ' ਅਤੇ ਧਰਮਵੀਰ ਤੇ ਬਿਸੇਸ਼ਰਰਾਮ ਵਰਗੇ ਸੁਲਝੇ ਹੋਏ ਸਾਥੀਆਂ ਅੰਦਰਲਾ 'ਬ੍ਰਾਹਮਣ' ਵੱਖ ਵੱਖ ਸਿਆਸੀ ਵਿਚਾਰਾਂ ਦਾ ਜਾਮਾ ਪਹਿਣਕੇ ਆਪਣੇ ਫਿਰਕੂ ਜੌਹਰ ਦਿਖਾ ਰਿਹਾ ਹੈ। ਕ੍ਰਿਸ਼ਨ ਕਾਂਤ, ਸੰਤ ਸਿੰਘ ਸੇਖੋਂ ਤੇ ਜਸਵੰਤ ਕੰਵਲ ਵਰਗੇ ਮੰਨੇ-ਪ੍ਰਮੰਨੇ ਜਮਹੂਰੀਅਤ ਪਸੰਦਾਂ ਦੇ ਕਰਮਵਾਰ ਹਿੰਦੂ ਸ਼ਾਵਨਵਾਦ ਤੇ ਸਿੱਖ ਸ਼ਾਵਨਵਾਦ ਦੀ ਪਟੜੀ ਚੜ੍ਹ ਜਾਣ ਦੇ ਵਰਤਾਰੇ ਦੀ ਵੀ ਉਸ ਨੇ ਇਸੇ ਨੁਕਤਾ-ਨਿਗਾਹ ਤੋਂ ਵਿਆਖਿਆ ਕੀਤੀ। ਜਦ ਉਸਨੂੰ ਕੁੱਝ ਹਿੰਦੂ ਤੇ ਸਿੱਖ-ਦੋਨੋਂ ਪਿਛੋਕੜਾਂ 'ਚੋਂ ਆਏ ਵਿਅਕਤੀਆਂ ਦੇ ਦਰੁਸਤ ਕਮਿਊਨਿਸਟ ਪੈਂਤੜੇ 'ਤੇ ਡਟੇ ਰਹਿਣ ਦਾ ਵੇਰਵਾ ਦਿੱਤਾ ਗਿਆ ਤਾਂ ਉਸਨੇ ਇਸਨੂੰ ਆਮ ਨਿਯਮ ਤੋਂ ਉਲਟ ਕੁੱਝ ਛੋਟ ਦੇ ਮਾਮਲੇ ਕਹਿਕੇ ਟਾਲ ਛੱਡਿਆ। ਉਸਦੀ ਇਹ ਅਜੀਬ ਧਾਰਨਾ ਹੈ ਕਿ ਅੱਜ ਜਿੰਨਾ ਕੋਈ ਤਰਕਸ਼ੀਲਤਾ ਦਾ ਵਧੇਰੇ ਰੌਲਾ ਪਾ ਰਿਹਾ ਹੈ ਉਨਾ ਹੀ ਉਹ ਮਨੋਂ-ਵੱਧ ਤੁਅੱਸਬੀ ਹੈ। ਡਾਕਟਰ ਧਰਮਵੀਰ, ਜੀਹਦੀ ਕਮਿਊਨਿਸਟ ਸੋਚਣੀ ਤੇ ਸੁਹਿਰਦਤਾ ਬਾਰੇ ਕਿੰਤੂ ਕਰਨਾ ਘੋਰ ਜੁਰਮ ਬਰਾਬਰ ਹੈ, ਬਾਰੇ ਉਸਦਾ ਸਾਹਿਤਕਾਰ ਸੱਜਣ ਦੀ ਰਾਇ ਉਕਾ ਈ ਉਲਟੀ ਸੀ। ਉਹ ਧਰਮਵੀਰ ਨੂੰ ਸਿੱਖ-ਵਿਰੋਧੀ ਜਜ਼ਬੇ ਦਾ ਡੰਗਿਆ ਹੋਇਆ ਇੱਕ ਤੁਅੱਸਬੀ ਬ੍ਰਾਹਮਣ ਗਰਦਾਨਣ ਤੱਕ ਚਲਾ ਗਿਆ। ਆਪਣੀ ਮੱਤ-ਪੁਸ਼ਟੀ ਲਈ ਉਹ ਸਾਥੀ ਧਰਮਵੀਰ ਦੇ ਵੇਗ-ਪ੍ਰਵਾਹ ਅੰਦਰ ਕਹੇ ਕੁਝ ਕਥਨ ਭੁਗਤਾ ਰਿਹਾ ਸੀ ਜੋ ਧਰਮਵੀਰ ਨੇ ਅੱਡ ਅੱਡ ਥਾਵਾਂ 'ਤੇ ਸਿੱਖ-ਉਭਾਰ ਤੇ ਦਲਿਤ-ਉਭਾਰ ਵਿਰੁੱਧ ਕਹੇ ਦੱਸੇ ਜਾਂਦੇ ਹਨ।

—ਭਾਵੇਂ ਇਹ ਵਿਚਾਰ ਅੱਜ ਇੱਕ ਪਰਵਰਟਿਡ ਸਾਬਕਾ ਇਨਕਲਾਬੀ ਸਾਹਿਤਕਾਰ ਦੇ ਹੀ ਹਨ ਪਰ ਫਿਰ ਵੀ ਸਾਨੂੰ ਅਜਿਹੀ ਸੋਚ-ਧਾਰਾ ਦਾ ਗਹਿਰ-ਗੰਭੀਰ ਨੋਟਿਸ ਲੈਣਾ ਚਾਹੀਦਾ ਹੈ ਅਤੇ ਇਸਦਾ ਬਾਦਲੀਲ ਖੰਡਨ ਕਰਨਾ ਚਾਹੀਦਾ ਹੈ। ਉਮੀਦ ਹੈ ਤੁਸੀਂ ਇਸ ਮਾਮਲੇ 'ਚ ਲਾਜ਼ਮੀ ਉਸਾਰੂ ਰੋਲ ਨਿਭਾਉਣ ਲਈ ਅੱਗੇ ਆਉਗੇ। ਮੇਰੇ ਇਹ ਵਿਚਾਰ 'ਸਮਤਾ' ਦੇ ਪਾਠਕਾਂ ਨਾਲ ਜ਼ਰੂਰ ਸਾਂਝੇ ਕਰਨੇ। —ਕਰਨੈਲ ਸਿੰਘ

ਇੱਕ ਚਿੱਠੀ

## ਨਵੇਂ ਵਰ੍ਹੇ ਦੀ-ਮੁਬਾਰਕਵਾਦ

ਮਾਨਯੋਗ ਸੰਪਾਦਕ ਜੀ।

ਪਾਠਕਾਂ ਸਮੇਤ ਲਾਲ ਸਲਾਮ !

ਪੰਜਾਬ ਮਸਲੇ ਵਾਂਗ, ਕਮਿਊਨਿਸਟ ਇਨਕਲਾਬੀਆਂ ਦੀ ਏਕਤਾ ਦਾ ਮਸਲਾ ਕਾਫੀ ਗੁੰਝਲਦਾਰ ਹੈ। ਹਰ ਗਰੁੱਪ ਆਪਣੇ ਪ੍ਰੋਗਰਾਮ ਨੂੰ ਬੁਨਿਆਦੀ ਤੌਰ ਤੇ ਦਰੁਸਤ ਮੰਨਦਾ ਹੈ। ਪਰ ਸਾਰੇ ਗਰੁੱਪ ਦਾ ਇਤਿਹਾਸ ਗਵਾਹ ਹੈ, ਕਿ ਉਹ ਪਹਿਲਾ ਨਾਲੋਂ ਕਮਜ਼ੋਰ ਹੀ ਹੋਏ ਹਨ। ਭਾਅ ਗੁਰਸ਼ਰਨ ਸਿੰਘ ਦੀ ਸੁਹਿਰਦ ਕੋਸ਼ਿਸ਼ ਸਦਕਾ ਕੁਝ ਗਰੁੱਪ ਇਨਕਲਾਬੀ ਕੇਂਦਰ 'ਚ ਸ਼ਾਮਲ ਹੋਏ। ਕੁਝ ਗਰੁੱਪ ਅਜੇ ਵੀ ਬਾਹਰ ਨੇ। ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਇਸ ਮਾਮਲੇ ਤੇ ਖੁਲ੍ਹੀ ਬਹਿਸ ਚਲਣੀ ਚਾਹੀਦੀ ਹੈ। ਕਿ ਕਿਹੜੇ ਨੁਕਤਿਆਂ ਤੇ ਕਮਿਊਨਿਸਟ ਗਰੁੱਪ ਇਕੱਤਰ ਹੋ ਕੇ ਸਾਂਝੀ ਸਰਗਰਮੀ ਚਲਾ ਸਕਦੇ ਹਨ। ਬਾਹਰ ਰਹਿ ਰਹੇ ਗਰੁੱਪਾਂ ਨੂੰ ਗਰੁੱਪ ਸਿਆਸਤ ਤੇ ਬਣੀ ਸੋਚ ਤੋਂ ਖਹਿੜਾ ਛਡਾਉਣ ਲਈ, ਯੋਗ ਨੁਕਤੇ ਜ਼ਰੂਰ ਹੀ ਉਭਾਰਨੇ ਪੈਣਗੇ। ਜੇਕਰ ਸੱਚੇ ਦਿਲੋਂ ਸਾਰੇ ਗਰੁੱਪ ਇਨਕਲਾਬ ਚਾਹੁੰਦੇ ਹਨ। ਤਾਂ ਇਨਕਲਾਬੀ ਸਰਗਰਮੀ ਸ਼ੁਰੂ ਕਰਨੀ ਚਾਹੀਦੀ ਹੈ। ਲੋਕਾਂ ਦੇ ਜਜ਼ਬਾਤਾਂ ਨੂੰ ਸਮਝ ਕੇ, ਸਮਸਿਆਵਾਂ ਤੇ ਮੰਗਾਂ 'ਤੇ ਘੋਲ ਕਰਕੇ ਹੀ, ਲੋਕ ਨਾਲ ਜੁੜ ਸਕਦੇ ਹਨ। ਇਕੱਲੇ ਭਾਸ਼ਨਾਂ ਨਾਲ ਲੋਕ ਸਾਥ ਨਹੀਂ ਦੇਣਗੇ। ਹਾਂ ਸਰਗਰਮ ਵਰਕਰਾਂ, ਕੁਲ ਵਕਤੀ ਆਗੂਆਂ ਦੀ ਚੇਤੰਨਾ ਉਚਤਮ ਕਿਸਮਤ ਦੀ ਹੋਣੀ ਜ਼ਰੂਰੀ ਹੈ। ਆਰਥਿਕ ਰਾਜਨੀਤਕ ਤੇ ਸਭਿਆਚਾਰਕ ਖੇਤਰਾਂ 'ਚ ਲਹਿਰ ਦੀ ਮਜ਼ਬੂਤੀ ਲਈ ਸਾਨੂੰ ਠੋਸ ਕਦਮ ਚੁੱਕਣੇ ਪੈਣਗੇ। ਵਿਦਿਆਰਥੀ ਨੌਜੁਆਨ, ਮੁਲਾਜ਼ਮ, ਮਜ਼ਦੂਰ, ਕਿਸਾਨ ਕਿਹੜੇ ਨੁਕਤਿਆਂ ਤੇ ਇਕੱਤਰ ਹੋਣਗੇ। ਸਾਂਝਿਆਂ ਤੌਰ ਤੇ ਰੂਪ ਰੇਖਾ ਘੜਨੀ ਪਵੇਗੀ। ਵੱਖਰੀ ਵੱਖਰੀ ਡਫਲੀ ਖੜਕਾਉਣ ਨਾਲ ਇਨਕਲਾਬ ਨਹੀਂ ਆਵੇਗਾ। ਇਨਕਲਾਬੀ ਗਰੁੱਪਾਂ ਦਾ ਸਾਂਝਾ ਸੰਘਰਸ਼ ਸਮੇਂ ਦੀ ਲੋੜ ਹੈ। ਵਿਸ਼ੇਸ਼ ਮੌਕਿਆਂ ਤੇ ਸਾਂਝੇ ਦੁਸ਼ਮਣ ਖਿਲਾਫ ਸਾਂਝਾ ਮੋਰਚਾ ਵੀ ਤਦ ਹੀ ਬਣ ਸਕੇਗਾ। ਜੇਕਰ ਅਸੀਂ ਸਾਰੇ ਪੱਖਾਂ ਤੋਂ ਸਿਖਿਅਤ ਹੋਵਾਂਗੇ। ਲੋਕਾਂ ਨੂੰ ਇਕੱਤਰ ਕਰਨ ਤੋਂ ਪਹਿਲਾਂ, ਇਨਕਲਾਬੀਆਂ ਨੂੰ ਸਾਂਝੇ ਨੁਕਤਿਆਂ ਦੁਆਲੇ ਜੁੜਨਾ ਚਾਹੀਦਾ ਹੈ। ਏਕਤਾ ਦੇ ਚਾਹਵਾਨ ਸਾਥੀਆਂ ਨੂੰ ਅਸੀਂ ਨਵੇਂ ਵਰ੍ਹੇ ਦੀਆਂ ਸ਼ੁਭ ਕਾਮਨਾਵਾਂ ਭੇਜਦੇ ਹਾਂ। ਆਉ ਆਪਾਂ ਨਾਹਰਾ ਲਾਈਏ। ਕਮਿਊਨਿਸਟ ਇਨਕਲਾਬੀਓ-ਇਕ ਹੋ ਜਾਓ, ਦੁਨੀਆਂ ਭਰ ਦੇ ਕਾਮਿਓ-ਇਕ ਹੋ ਜਾਓ !

ਸ਼ੁਭ ਕਾਮਨਾਵਾਂ

ਲਕਸ਼ਮੀ ਨਰਾਇਣ ਭੀਖੀ, ਤੇ ਉਸਦੇ ਸਾਥੀ

---

ਪਾਠਕ ਲੇਖਕ ਫੋਰਮ—

## ਇਕ ਟਿਪਣੀ

ਨਵੰਬਰ 87 ਦੇ ਸਮਤਾ ਅੰਕ ਵਿਚ ਸਾਥੀ ਗੁਰਦੀਪ ਗਰੇਵਾਲ ਦੀ ਚਿੱਠੀ ਛਪੀ ਹੈ ਉਸ ਤੋਂ ਲਗਿਆ ਹੈ ਕਿ ਸਾਥੀ ਨੇ ਸੁਰਖ ਰੇਖਾ ਪ੍ਰਤੀ ਕਾਫੀ ਦੇਰ ਤੋਂ ਸਾਂਭਿਆ ਗੁਸਾ ਤੇ ਭੜਾਸ ਜਿਹੀ ਹੀ ਕੱਢ ਦਿਤੀ ਹੈ। ਕਈ ਨੁਕਤੇ ਤਾਂ ਬਿਨਾਂ ਸਿਰ ਪੈਰ ਤੋਂ ਹੀ ਨੀਵਾਂ ਦਿਖਾਉਣ ਦੀ ਜਾਂ ਕਹਿ ਲਓ ਖੁੰਜੇ ਲਾਉਣ ਵਾਲੀ ਨੀਤੀ ਨਾਲ ਹੀ ਲਿਖੇ ਲਗਦੇ ਨੇ ਜਿਵੇਂ ਕਿ ਸੁਰਖ ਰੇਖਾ ਦੀਆਂ ਰਿਪੋਰਟਾਂ ਤੋਂ ਲਗਿਆ ਹੈ ਕਿ ਇਹ ਪੰਜਾਬ ਤੋਂ ਬਾਹਰ ਦੀਆਂ ਰਿਪੋਰਟਾਂ ਤਾਂ ਸਿਰਫ ਦੂਜੇ ਰਸਾਲਿਆਂ ਦੇ ਹਵਾਲੇ ਨਾਲ ਹੀ ਛਾਪਦਾ ਹੈ। ਤੇ ਪੰਜਾਬ ਦੀਆਂ ਰਿਪੋਰਟਾਂ ਬਾਰੇ ਕਾਫੀ ਸਹੀਂ ਮੰਨਿਆਂ ਹੈ। ਜੇ ਕਰ ਅਜਿਹੀ ਕੋਈ ਇਕ ਦੋ ਰਿਪੋਰਟਾਂ ਅਨੁਵਾਦ ਕਰਕੇ ਜਾਂ ਹਵਾਲਾ ਦੇ ਕੇ ਛਾਪੀਆਂ ਗਈਆਂ ਤਾਂ ਇਹ ਕੋਈ ਮਾੜੀ ਗੱਲ ਵੀ ਨਹੀਂ। ਸੱਚ ਤੇ ਸਹੀ ਤੱਥ ਲੋਕਾਂ 'ਚ ਆਉਣੇ ਚਾਹੀਦੇ ਹਨ। ਕੀ ਸੁਰਖ ਰੇਖਾ ਦੀਆਂ ਲਿਖਤਾਂ ਦਾਂ ਹੋਰ ਹਵਾਲਾ ਨਹੀਂ ਦਿੰਦੇ ਰਹੇ ਤੇ ਇਸ ਦੀਆਂ ਲਿਖਤਾਂ ਦਾ ਅਨੁਵਾਦ ਦਿੰਦੇ ਰਹੇ ਨੇ। ਦੂਜੀ ਗੱਲ ਰਹੀ ਰਸਾਲੇ ਜ਼ਬਤ ਕਰਨ ਵਾਲੀ ਕਿ ਹੋਰ ਵੀ ਰਸਾਲੇ ਜ਼ਬਤ ਕੀਤੇ ਜਾਂਦੇ ਰਹੇ ਨੇ ਵਧ ਅੰਕ ਜ਼ਬਤ ਹੋਏ ਨੇ ਅਜਿਹਾ ਭਾਵ ਦਿਤਾ ਗਿਆ ਕਿ ਇਹ ਕੋਈ ਬਹੁਤਾ ਚੰਗਾ ਨਹੀਂ। ਕੀ ਹੋਇਆ ਦੋ ਚਾਰ ਅੰਕ ਸੁਰਖ ਰੇਖਾ ਦੇ ਜ਼ਬਤ ਹੋਏ। ਪਰ ਸਾਥੀ ਨੇ ਸਾਰੇ ਰਸਾਲਿਆਂ ਵਿਚ ਸਮੇਂ ਸਮੇਂ ਛਪੇ ਮਸਾਲੇ ਨੂੰ ਇਕੋ ਹੀ ਰੱਸੇ ਬੰਨਣ ਵਾਂਗ ਰਲਾ ਕੇ ਹੀ ਵੇਖਿਆ ਹੈ। ਫਿਰਕੂ ਪਾੜਾ ਵਧਾਉਣ ਤੇ ਦਹਿਸ਼ਤਵਾਦ ਨੂੰ ਹਵਾ ਦੇਣ ਉਪਰਾਲੇ ਕਰਨ ਵਾਲੇ ਰਸਾਲੇ ਕੀ ਉਹ ਸੁਰਖ ਰੇਖਾ ਨਾਲ ਮਿਲਾ ਦਿਤੇ ਜਾ ਸਕਦੇ ਨੇ। ਥੋੜਾ ਸੋਚਣਾ ਸੀ ਲਿਖਣ ਵੇਲੇ।

—ਭੰਡਾਰੀ ਧੂਰੀ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਗਿਆ ਛਪਾਈ ਚੰਨ ਪ੍ਰਿੰਟਿੰਗ ਪ੍ਰੈਸ, ਗੁਰੂ ਨਾਨਕਪੁਰਾ ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ—ਗੁਰੂ ਖਾਲਸਾ ਨਿਵਾਸ ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ—143002 ਸਾਲਾਨਾ ਚੰਦਾ—15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:

Rgtd. with the Register News Papers Vide No. MA/12397-D Dated 18.4.80
Post Office No. P/AR—133

ਇਨਕਲਾਬੀ ਕੇਂਦਰ ਪੰਜਾਬ ਵੱਲੋਂ ਦੇਸ਼ ਭਗਤ ਹਾਲ ਜਲੰਧਰ ਵਿਚ

23-24 ਜਨਵਰੀ ਨੂੰ ਪਹਿਲਾ

# ਸੂਬਾਈ ਇਜਲਾਸ

**ਪਹਿਲਾ ਸ਼ੈਸਨ :-**

23 ਜਨਵਰੀ 2 ਵਜੇ ਤੋਂ ਸ਼ੁਰੂ ਹੋਵੇਗਾ 24 ਜਨਵਰੀ 12 ਵਜੇ ਤਕ ਚਲੇਗਾ।
ਜਿਸ ਵਿਚ ਹੇਠ ਲਿਖੇ ਏਜੰਡੇ ਹੋਣਗੇ।
(1) ਐਲਾਨ ਨਾਮੇ ਅਤੇ ਵਿਧਾਨ ਉਤੇ ਬਹਿਸ
(2) ਪਿਛਲੇ ਸਾਲ ਦੀ ਰਿਵਿਊ ਰਿਪੋਰਟ ਉਤੇ ਬਹਿਸ ਅਤੇ ਅਗਲੇਰੇ ਕਾਰਜ
(3) ਨਵੀਂ ਸੂਬਾ ਕਮੇਟੀ ਦੀ ਚੋਣ

**ਦੂਸਰਾ ਸ਼ੈਸਨ :-**

24 ਜਨਵਰੀ 1 ਵਜੇ ਤੋਂ 4 ਵਜੇ ਤਕ ਸਿਆਸੀ ਕਾਨਫਰੰਸ
(1) ਬਿਹਾਰ ਤੋਂ ਮਜਦੂਰ ਕਿਸਾਨ ਸੰਗਰਾਮ ਸੰਮਤੀ ਦੇ ਆਗੂ ਕਾ: ਵਿਕਾਸ
(2) ਦਿਸ਼ਾ ਵਿਚਾਰ ਮੰਚ ਦਿੱਲੀ ਦੇ ਆਗੂ ਕਾ: ਰਾਵਿੰਦਰ ਗੋਇਲ
(3) ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨ (IFTU) ਦੇ ਡਾ: ਜਤਿੰਦਰ ਇਹਨਾਂ ਤੋਂ ਇਲਾਵਾ ਹੋਰ ਆਗੂ ਵੀ ਸੰਬੋਧਨ ਕਰਨਗੇ।

**ਤੀਸਰਾ ਸ਼ੈਸਨ :-**

24 ਜਨਵਰੀ ਸਾਰੀ ਰਾਤ ਦਾ ਸਭਿਆਚਾਰਕ ਪਰੋਗਰਾਮ
ਜਿਸ ਵਿਚ ਯੂ. ਪੀ. ਅਤੇ ਬਿਹਾਰ ਦੀਆਂ ਟੀਮਾਂ ਵੀ ਪਹੁੰਚ ਰਹੀਆਂ ਹਨ।

**ਅਪੀਲ :**—ਇਨਕਲਾਬੀ ਕੇਂਦਰ ਪੰਜਾਬ ਦੀ ਸੂਬਾ-ਕਮੇਟੀ ਵਲੋਂ ਅਪੀਲ ਹੈ ਕਿ :—
(1) ਆਪਣੇ ਇਲਾਕਿਆਂ ਵਿਚ ਮੈਂਬਰਸ਼ਿਪ ਕੱਟ ਕੇ, ਕਮੇਟੀਆਂ ਦੀ ਚੋਣ ਕਰਕੇ 10 ਜਨਵਰੀ ਤਕ ਸੂਬਾ ਕਮੇਟੀ ਨੂੰ ਰਿਪੋਰਟ ਕਰੋ।
(2) ਮੈਂਬਰਸ਼ਿਪ ਲੈਣ ਲਈ ਸਬੰਧਤ ਇਲਾਕਾ ਕਮੇਟੀ, ਜਾਂ ਸੂਬਾ ਕਮੇਟੀ ਮੈਂਬਰਾਂ ਨਾਲ ਸਿੱਧਾ ਸੰਪਰਕ ਕਰੋ।
(3) ਇਜਲਾਸ ਲਈ ਵੱਡੇ ਫੰਡ ਦੀ ਲੋੜ ਹੈ। ਸੱਭ ਹਿਤੈਸ਼ੀ/ਹਮਦਰਦ ਵੱਡੀ ਪੱਧਰ ਤੇ ਫੰਡ ਇਕੱਠਾ ਕਰਕੇ ਜਾਂ ਦੂਰ ਬੈਠੇ ਸਾਥੀ ਸਿੱਧਾ ਕੇਂਦਰ ਨੂੰ ਭੇਜਣ।

**ਨੋਟ :-** (ੳ) ਫੰਡ ਲਈ ਰਸੀਦ ਬੁੱਕਾਂ ਸੂਬਾ ਕਮੇਟੀ ਤੋਂ ਪ੍ਰਾਪਤ ਕਰੋ।
(ਅ) ਹੋਰ ਜਾਣਕਾਰੀ ਲਈ ਸਿੱਧਾ ਸੰਪਰਕ ਕਰੋ।

ਸੂਬਾ ਕਮੇਟੀ

**ਇਨਕਲਾਬੀ ਕੇਂਦਰ, ਪੰਜਾਬ**

ਕਾ: ਗੁਰਸ਼ਰਨ ਸਿੰਘ ਕਨਵੀਨਰ
ਗੁਰੂ ਖਾਲਸਾ ਨਿਵਾਸ
ਡਾਕ: ਖਾਲਸਾ ਕਾਲਿਜ (ਅੰਮ੍ਰਿਤਸਰ)

ਸੰਪਰਕ ਲਈ :-
ਨਰਭਿੰਦਰ ਸੂਬਾ ਕਮੇਟੀ ਮੈਂਬਰ
ਈ. ਜੇ. 2-73
ਚਹਾਰ ਬਾਗ ਜਲੰਧਰ 144001